ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 50
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Friday, 20 February, 2026) ਸ਼ੁੱਕਰਵਾਰ , 20 ਫਰਵਰੀ, 2026, 9 ਫੱਗਣ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ

ਬਰਨਾਲਾ ਵਿਖੇ 'ਮਨਰੇਗਾ ਬਚਾਓ ਸੰਗਰਾਮ' ਰੈਲੀ ਵਿੱਚ ਪੁੱਜਣਗੇ ਰਾਹੁਲ ਗਾਂਧੀ

ਚੰਡੀਗੜ੍ਹ, 19 ਫਰਵਰੀ (ਚ.ਨ.ਸ.):ਸੀਨੀਅਰ ਪਾਰਟੀ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 28 ਫਰਵਰੀ ਨੂੰ ਬਰਨਾਲਾ ਵਿਖੇ 'ਮਨਰੇਗਾ ਬਚਾਓ ਸੰਗਰਾਮ' ਮੁਹਿੰਮ ਵਿੱਚ ਹਿੱਸਾ ਲੈਣ ਲਈ ਪੰਜਾਬ ਦੇ ਦੌਰੇ 'ਤੇ ਹੋਣਗੇ। ਉਨ੍ਹਾਂ ਦੇ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਲੈ ਕੇ ਬਠਿੰਡਾ ਵਿੱਚ ਪੈਦਲ ਮਾਰਚ ਵਿੱਚ ਸ਼ਾਮਲ ਹੋਣ ਦੀ ਵੀ ਉਮੀਦ ਹੈ ਅਤੇ ਪ੍ਰਿਅੰਕਾ ਗਾਂਧੀ ਦੇ ਵੀ ਇਸ ਰੈਲੀ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਰਾਹੁਲ ਗਾਂਧੀ ਦਾ ਇਹ ਦੌਰਾ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਪਾਰਟੀ ਲੀਡਰਸ਼ਿਪ ਵੱਲੋਂ ਸਾਰੇ ਧੜਿਆਂ ਨੂੰ ਇਕੱਠੇ ਕਰਨ ਦੇ ਯਤਨ ਤੇਜ਼ ਕਰ ਦਿੱਤੇ ਗਏ ਹਨ।

ਨਸ਼ਿਆਂ ਦੇ ਖ਼ਾਤਮੇ ਲਈ ਖੇਡਾਂ ਸਭ ਤੋਂ ਕਾਰਗਰ ਹਥਿਆਰ : ਮਾਨ

ਸੰਜੀਵ/ਵਿਸ਼ਾਲ ਸ਼ਰਮਾ

ਕਿਲ੍ਹਾ ਰਾਏਪੁਰ /ਡੇਹਲੋਂ (ਲੁਧਿਆਣਾ) 19 ਫਰਵਰੀ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਤਿਹਾਸਕ ਕਿਲ੍ਹਾ ਰਾਏਪੁਰ ਪੇਂਡੂ ਓਲੰਪਿਕਸ ਵਿੱਚ ਸ਼ਾਮਲ ਹੁੰਦਿਆਂ ਖੇਡਾਂ ਨੂੰ ਨਸ਼ਿਆਂ ਦੇ ਖਾਤਮੇ ਲਈ ਸਭ ਤੋਂ ਘਾਤਕ ਹਥਿਆਰ ਐਲਾਨਿਆ। ਉਨ੍ਹਾਂ ਕਿਹਾ ਕਿ ਆਉਣ ਵਾਲੇ ਪੰਜਾਬ ਦੇ ਬਜਟ ਵਿੱਚ ਖੇਡਾਂ ਦੇ ਬਜਟ ਵਿੱਚ ਵਾਧਾ ਕੀਤਾ ਜਾਵੇਗਾ, ਜਿਸ ਨਾਲ ਪੰਜਾਬ ਦੇ ਨੌਜਵਾਨਾਂ ਦੀ ਊਰਜਾ ਨੂੰ ਉਸਾਰੂ ਦਿਸ਼ਾ ਵੱਲ ਲਿਜਾਣ ਲਈ ਠੋਸ ਯਤਨ ਕੀਤੇ ਜਾਣਗੇ। ਇਹ ਦੱਸਦਿਆਂ ਕਿ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਬੰਦ ਕੀਤੀਆਂ ਗਈਆਂ ਬੈਲ ਗੱਡੀਆਂ ਦੀਆਂ ਦੌੜਾਂ ਹੁਣ ਕਾਨੂੰਨ ਵਿੱਚ ਸੋਧ ਉਪਰੰਤ ਮੁੜ ਸ਼ੁਰੂ ਹੋ ਗਈਆਂ ਹਨ, ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਬੱਚੇ ਮੈਦਾਨ ਵਿੱਚ ਪਸੀਨਾ ਵਹਾਉਣਗੇ ਅਤੇ ਘਰਾਂ ਨੂੰ ਤਮਗ਼ੇ ਲਿਆਉਣਗੇ ਤਾਂ ਕਿਸੇ ਵੀ ਨਸ਼ਾ ਵਿਰੋਧੀ ਮੁਹਿੰਮ (ਬਾਕੀ ਸਫਾ 2 'ਤੇ)

ਮੁੱਖ ਮੰਤਰੀ ਨੂੰ ਹਸਪਤਾਲ ਤੋਂ ਮਿਲੀ ਛੁੱਟੀ

ਚੰਡੀਗੜ੍ਹ, 19 ਫਰਵਰੀ (ਚ.ਨ.ਸ.):ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜੋ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖ਼ਲ ਸਨ,ਨੂੰ ਵੀਰਵਾਰ ਸਵੇਰੇ ਛੁੱਟੀ ਦੇ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਮਾਨ (52) ਨੂੰ 15 ਫਰਵਰੀ ਨੂੰ ਥਕਾਵਟ ਮਹਿਸੂਸ ਹੋਣ ਤੋਂ ਬਾਅਦ ਚੈੱਕਅਪ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਸੀ। 16 ਫਰਵਰੀ ਨੂੰ,ਉਨ੍ਹਾਂ ਨੇ ਹਸਪਤਾਲ ਤੋਂ ਛੁੱਟੀ ਲਈ ਅਤੇ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਇੱਕ ਸਮਾਗਮ ਵਿੱਚ ਹਿੱਸਾ ਲੈਣ ਲਈ ਮੋਗਾ ਚਲੇ ਗਏ ਸਨ। ਪਰ ਉੱਥੇ ਇਕੱਠ ਨੂੰ ਸੰਬੋਧਨ ਕਰਨ ਤੋਂ ਬਾਅਦ,ਉਹ ਦੁਬਾਰਾ ਥਕਾਵਟ ਮਹਿਸੂਸ ਹੋਣ ਕਾਰਨ ਹਸਪਤਾਲ ਪਰਤ ਆਏ ਸਨ। ਮੰਗਲਵਾਰ ਸ਼ਾਮ ਨੂੰ ਫੋਰਟਿਸ ਮੋਹਾਲੀ ਵੱਲੋਂ ਮਾਨ ਦੀ ਸਿਹਤ ਬਾਰੇ ਜਾਰੀ ਕੀਤੇ ਗਏ ਮੈਡੀਕਲ (ਬਾਕੀ ਸਫਾ 2 'ਤੇ)

ਭਾਰਤ ਨੇ ਖੋਲ੍ਹਿਆ ਏਆਈ ਦਾ ਨਵਾਂ ਪੰਨਾ

ਭਾਰਤ ਸਿਰਫ਼ ਏ.ਆਈ. ਕ੍ਰਾਂਤੀ ਦਾ ਹਿੱਸਾ ਨਹੀਂ, ਸਗੋਂ ਇਸ ਦੀ ਅਗਵਾਈ ਕਰ ਰਿਹੈ: ਮੋਦੀ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 19 ਫਰਵਰੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਕਿਹਾ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਲੋਕਤੰਤਰੀਕਰਨ ਹੋਣਾ ਚਾਹੀਦਾ ਹੈ ਅਤੇ ਖਾਸ ਕਰਕੇ ਗਲੋਬਲ ਸਾਊਥ ਲਈ ਇਹ ਸਮਾਵੇਸ਼ ਅਤੇ ਸ਼ਕਤੀਕਰਨ ਦਾ ਇੱਕ ਸਾਧਨ ਬਣਨਾ ਚਾਹੀਦਾ ਹੈ।

ਇੰਡੀਆ ਏ.ਆਈ. ਇਮਪੈਕਟ ਸਮਿਟ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਇਹ ਐਕਸਪੋ ਭਾਰਤ ਵਿੱਚ ਹੋ ਰਿਹਾ ਹੈ,ਜੋ ਮਨੁੱਖਤਾ ਦੇ ਛੇਵੇਂ ਹਿੱਸੇ ਦੀ ਪ੍ਰਤੀਨਿਧਤਾ ਕਰਦਾ ਹੈ,ਇੱਕ ਅਜਿਹਾ ਦੇਸ਼ ਜਿਸ ਵਿੱਚ ਦੁਨੀਆਂ ਦੀ ਸਭ ਤੋਂ ਵੱਡੀ ਨੌਜਵਾਨ ਆਬਾਦੀ ਹੈ ਅਤੇ ਜੋ ਸਭ ਤੋਂ ਵੱਡੀ ਟੈਕਨਾਲੋਜੀ ਪ੍ਰਤਿਭਾ ਦਾ ਕੇਂਦਰ ਹੈ। ਸੰਮੇਲਨ ਵਿੱਚ ਵਿਸ਼ਵ ਨੇਤਾਵਾਂ ਅਤੇ ਪ੍ਰਮੁੱਖ ਕੰਪਨੀਆਂ ਦੇ ਸੀਈਓਜ਼ ਦੀ ਮੌਜੂਦਗੀ ਵਿੱਚ ਉਨ੍ਹਾਂ ਕਿਹਾ, 'ਆਰਟੀਫੀਸ਼ੀਅਲ ਇੰਟੈਲੀਜੈਂਸ ਮਨੁੱਖੀ ਇਤਿਹਾਸ ਵਿੱਚ ਇੱਕ ਪਰਿਵਰਤਨਸ਼ੀਲ ਅਧਿਆਏ ਦੀ ਨਿਸ਼ਾਨਦੇਹੀ ਕਰਦੀ ਹੈ। ਭਾਰਤ ਸਿਰਫ਼ ਏਆਈ ਕ੍ਰਾਂਤੀ ਦਾ ਹਿੱਸਾ ਨਹੀਂ ਹੈ,ਸਗੋਂ ਇਸ ਦੀ ਅਗਵਾਈ ਕਰ ਰਿਹਾ ਹੈ ਅਤੇ ਇਸ ਨੂੰ ਰੂਪ ਦੇ ਰਿਹਾ ਹੈ।'

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨਾ ਸਿਰਫ਼ ਤਕਨਾਲੋਜੀ ਦਾ ਨਿਰਮਾਣ ਕਰਦਾ ਹੈ ਬਲਕਿ ਇਸ ਨੂੰ ਬੇਮਿਸਾਲ ਰਫ਼ਤਾਰ ਨਾਲ ਅਪਣਾਉਂਦਾ ਵੀ ਹੈ। ਉਨ੍ਹਾਂ ਕਿਹਾ,'ਕੁਝ ਲੋਕਾਂ ਨੂੰ ਨਵੀਂ ਤਕਨਾਲੋਜੀ ਬਾਰੇ ਸ਼ੰਕੇ ਹਨ। ਪਰ ਜਿਸ ਤਰ੍ਹਾਂ ਨੌਜਵਾਨ ਪੀੜ੍ਹੀ ਏ.ਆਈ. ਨੂੰ ਅਪਣਾ ਰਹੀ ਹੈ,ਉਹ ਬੇਮਿਸਾਲ ਹੈ। ਇੱਥੇ ਏਆਈ ਸਮਿਟ ਪ੍ਰਦਰਸ਼ਨੀ ਨੂੰ ਲੈ ਕੇ ਵੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਹੈ। ਮਨੁੱਖੀ ਇਤਿਹਾਸ ਦੇ ਦੌਰਾਨ,ਕੁਝ ਅਜਿਹੇ ਮੋੜ ਆਏ ਹਨ ਜਿਨ੍ਹਾਂ ਨੇ ਪੂਰੀਆਂ ਸਦੀਆਂ ਨੂੰ ਰੂਪ ਦਿੱਤਾ ਹੈ। (ਬਾਕੀ ਸਫਾ 2 'ਤੇ)

ਏ.ਆਈ. ਦਾ ਕਮਾਲ: ਦਿੱਲੀ ਸੰਮੇਲਨ 'ਚ ਪੰਜਾਬੀ ਬੋਲਦੇ ਨਜ਼ਰ ਆਏ ਪ੍ਰਧਾਨ ਮੰਤਰੀ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 19 ਫਰਵਰੀ :ਅੱਜ ਭਾਰਤ ਮੰਡਪਮ ਵਿਖੇ ਆਯੋਜਿਤ 'ਇੰਡੀਆ ਏ.ਆਈ. ਇਮਪੈਕਟ ਸਮਿਟ' ਵਿੱਚ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਬਾਰੇ ਗੱਲ ਕੀਤੀ ਕਿ ਕਿਵੇਂ ਸਿਰਫ਼ ਇੱਕ ਓਪਨ ਅਤੇ ਸਾਂਝੀ ਏ.ਆਈ. ਹੀ ਇੱਕ ਬਿਹਤਰ ਅਤੇ ਸੁਰੱਖਿਅਤ ਸੰਸਾਰ ਨੂੰ ਯਕੀਨੀ ਬਣਾ ਸਕਦੀ ਹੈ, ਤਾਂ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਦਾ ਉਨ੍ਹਾਂ ਦਾ ਇਰਾਦਾ ਅਸਲ ਸਮੇਂ ਵਿੱਚ ਪ੍ਰਦਰਸ਼ਿਤ ਹੋਇਆ। ਆਪਣੇ ਉਦਘਾਟਨੀ ਭਾਸ਼ਣ ਦੌਰਾਨ, ਜਿਸ ਵਿੱਚ ਉਨ੍ਹਾਂ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਲੋਕਤੰਤਰੀਕਰਨ ਅਤੇ ਇਸ ਨੂੰ ਸਭ ਦੀ ਸ਼ਮੂਲੀਅਤ ਤੇ ਸ਼ਕਤੀਕਰਨ ਦਾ ਸਾਧਨ ਬਣਾਉਣ ਦੀ ਅਪੀਲ ਕੀਤੀ। ਪ੍ਰਧਾਨ ਮੰਤਰੀ ਦੇ ਹਿੰਦੀ ਭਾਸ਼ਣ ਨੂੰ ਵਧੇਰੇ ਲੋਕਾਂ ਤੱਕ ਪਹੁੰਚਾਉਣ ਲਈ ਵੱਖ-ਵੱਖ ਭਾਸ਼ਾਵਾਂ ਵਿੱਚ ਡਬ ਕਰਨ ਦੇ ਨਾਲ-ਨਾਲ ਸੰਕੇਤਕ ਭਾਸ਼ਾ ਵਿੱਚ ਵੀ ਪ੍ਰਦਰਸ਼ਿਤ ਕੀਤਾ ਗਿਆ। ਅੰਗਰੇਜ਼ੀ ਤੋਂ ਇਲਾਵਾ ਇਸ ਨੂੰ ਪੰਜਾਬੀ, ਅਸਾਮੀ, ਬੰਗਲਾ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, (ਬਾਕੀ ਸਫਾ 2 'ਤੇ)

ਹੁਣ ਸ਼ਿਮਲਾ ਜਾਣ 'ਚ ਲੱਗੇਗਾ ਹੋਰ ਵੀ ਘੱਟ ਸਮਾਂ

ਪੰਜਾਬ 'ਚ ਨਵੇਂ 6 ਲੇਨ ਪ੍ਰਾਜੈਕਟ ਨੂੰ ਮਿਲੀ ਮਨਜ਼ੂਰੀ



ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 19 ਫਰਵਰੀ:ਪੰਜਾਬ ਵਿੱਚ 6 ਲੇਨ ਐਕਸੈੱਸ-ਕੰਟ੍ਰੋਲਡ ਗ੍ਰੀਨਫੀਲਡ ਸਪਰ ਬਣੇਗਾ। ਇਸ ਨੂੰ ਲੈ ਕੇ ਕੇਂਦਰ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਹੈ, ਜਿਸ ਦੀ ਲਾਗਤ 1,463.95 ਕਰੋੜ ਰੁਪਏ ਆਏਗੀ। ਇਹ ਸਪਰ ਨੈਸ਼ਨਲ ਹਾਈਵੇ 205ਏ ਦੇ ਅੰਬਾਲਾ-ਚੰਡੀਗੜ੍ਹ ਸੈਕਸ਼ਨ ਨੂੰ ਜ਼ੀਰਕਪੁਰ ਬਾਈਪਾਸ ਨਾਲ ਜੋੜੇਗਾ ਅਤੇ ਟ੍ਰਾਈਸਿਟੀ ਰਿੰਗ ਰੋਡ ਪ੍ਰੋਜੈਕਟ ਦਾ ਇੱਕ ਮੁੱਖ ਹਿੱਸਾ ਬਣੇਗਾ। ਕੇਂਦਰੀ ਸੜਕ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਵੀਰਵਾਰ ਨੂੰ ਦੁਪਹਿਰ 1 ਵਜੇ ਦੇ ਕਰੀਬ ਸੋਸ਼ਲ ਮੀਡੀਆ (ਐਕਸ) 'ਤੇ ਇਹ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਲਿਖਿਆ ਕਿ ਇਸ ਨਵੇਂ ਕੋਰੀਡੋਰ ਨਾਲ ਮੋਹਾਲੀ, ਚੰਡੀਗੜ੍ਹ ਅਤੇ ਪੰਚਕੂਲਾ ਦੇ ਪ੍ਰਮੁੱਖ ਸ਼ਹਿਰੀ ਜੰਕਸ਼ਨਾਂ 'ਤੇ ਲੱਗਣ ਵਾਲਾ ਜਾਮ ਕਾਫੀ ਹੱਦ ਤੱਕ ਘੱਟ ਹ�ो ਜਾਵੇਗਾ। ਟ੍ਰੈਫਿਕ ਹੁਣ ਸ਼ਹਿਰਾਂ ਵਿਚੋਂ ਲੰਘਣ ਦੀ ਬਜਾਏ ਇਸ ਸਪਰ ਤੋਂ ਡਾਇਵਰਟ ਹੋ ਜਾਏਗਾ। ਰਾਸ਼ਟਰੀ ਰਾਜਮਾਰਗ 44, ਰਾਸ਼ਟਰੀ ਰਾਜਮਾਰਗ 205ਏ ਅਤੇ ਰਾਸ਼ਟਰੀ ਰਾਜਮਾਰਗ 152 'ਤੇ ਭਾਰੀ ਵਾਹਨਾਂ ਦੀ ਆਵਾਜਾਈ ਘੱਟ ਜਾਵੇਗੀ, ਜਿਸ ਨਾਲ ਰੋਜ਼ਾਨਾ ਯਾਤਰੀਆਂ ਨੂੰ ਕਾਫ਼ੀ ਰਾਹਤ ਮਿਲੇਗੀ। ਇਹ ਪ੍ਰੋਜੈਕਟ ਪੰਜਾਬ ਅਤੇ ਹਿਮਾਚਲ ਪ੍ਰਦੇਸ਼, (ਬਾਕੀ ਸਫਾ 2 'ਤੇ)

ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਲਏ ਕਈ ਫ਼ੈਸਲੇ

ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨਾ ਦੇਸ਼ 'ਚ ਘੱਟਗਿਣਤੀ ਸਿੱਖਾਂ ਨਾਲ ਵਿਤਕਰਾ: ਧਾਮੀ

'ਲਗਾਏ ਦੋਸ਼ ਸਬੰਧੀ 72 ਘੰਟਿਆਂ 'ਚ ਸਬੂਤ ਪੇਸ਼ ਕਰਨ ਗਿ. ਰਘਬੀਰ ਸਿੰਘ'

ਚੜ੍ਹਦੀਕਲਾ ਬਿਊਰੋ

ਅੰਮ੍ਰਿਤਸਰ, 19 ਫਰਵਰੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਅੱਜ ਹੋਈ ਇਕੱਤਰਤਾ 'ਚ ਸਰਕਾਰਾਂ ਵੱਲੋਂ ਬੰਦੀ ਸਿੰਘਾਂ ਨਾਲ ਕੀਤੀ ਜਾ ਰਹੀ ਬੇਇਨਸਾਫ਼ੀ ਦੀ ਕਰੜੀ ਨਿਖੇਧੀ ਕਰਦਿਆਂ ਇਸ ਨੂੰ ਦੇਸ਼ ਅੰਦਰ ਘੱਟਗਿਣਤੀ ਸਿੱਖਾਂ ਨਾਲ ਵਿਤਕਰਾ ਕਰਾਰ ਦਿੱਤਾ ਗਿਆ। ਇਕੱਤਰਤਾ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹਾਲ ਹੀ ਵਿਚ ਦਿੱਲੀ ਦੀ ਭਾਜਪਾ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ (ਬਾਕੀ ਸਫਾ 2 'ਤੇ)

ਮਾਣਹਾਨੀ ਕੇਸ ਦਰਜ ਕਰਵਾਉਣ ਦੇ ਅਧਿਕਾਰ ਮੈਨੇਜਰਾਂ ਨੂੰ ਦਿੱਤੇ

ਅੰਮ੍ਰਿਤਸਰ, 19 ਫਰਵਰੀ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ 'ਤੇ ਮਾਣਹਾਨੀ ਕੇਸ ਦਰਜ ਕਰਾਉਣ ਦੇ ਅਧਿਕਾਰ ਗੁਰਦੁਆਰਾ ਅੰਬ ਸਾਹਿਬ ਦੇ ਮੈਨੇਜਰ ਤੇ ਗੁਰਦੁਆਰਾ ਭੱਠਾ ਸਾਹਿਬ ਦੇ ਮੈਨੇਜਰ ਨੂੰ ਦੇ ਦਿੱਤੇ ਹਨ। ਇਹ ਬਿਆਨ (ਬਾਕੀ ਸਫਾ 2 'ਤੇ)

ਫਰਾਂਸ ਦੇ ਰਾਸ਼ਟਰਪਤੀ ਨੇ ਰਾਫ਼ੇਲ ਸੌਦੇ ਲਈ ਸਮਰਥਨ ਪ੍ਰਗਟਾਇਆ

ਭਾਰਤ 'ਚ ਬਣੇਗਾ ਫਰਾਂਸ ਦਾ ਰਾਫੇਲ: ਮੈਕਰੋਨ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 19 ਫਰਵਰੀ :ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਸਾਰੀਆਂ ਆਲੋਚਨਾਵਾਂ ਨੂੰ ਰੱਦ ਕਰਦੇ ਹੋਏ, ਭਾਰਤ ਨਾਲ ਰਾਫੇਲ ਸੌਦੇ ਲਈ ਪੂਰਾ ਸਮਰਥਨ ਪ੍ਰਗਟ ਕੀਤਾ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਇਹ ਸੌਦਾ ਭਾਰਤ ਦੀ ਰੱਖਿਆ ਸਮਰੱਥਾ ਨੂੰ ਨਵੀਆਂ ਉਚਾਈਆਂ ਦੇਵੇਗਾ ਅਤੇ ਦੋਵਾਂ ਦੇਸ਼ਾਂ ਵਿਚਕਾਰ ਰਣਨੀਤਕ ਸਬੰਧਾਂ ਨੂੰ ਹੋਰ ਮਜ਼ਬੂਤ ਕਰੇਗਾ। ਮੈਕਰੋਨ ਨੇ ਇਹ ਬਿਆਨ ਦਿੱਲੀ ਵਿੱਚ ਏ.ਆਈ. ਇਮਪੈਕਟ ਸੰਮੇਲਨ ਦੌਰਾਨ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦਿੱਤਾ। ਰਾਫੇਲ ਸੌਦੇ ਨੂੰ ਲੈ ਕੇ ਹੋ ਰਹੀ ਆਲੋਚਨਾ ਅਤੇ ਸਵਦੇਸ਼ੀ ਹਿੱਸਿਆਂ ਦੀ ਜ਼ਰੂਰਤ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ,'ਅਸੀਂ ਵਿਸਥਾਰ ਕਰਨਾ ਚਾਹੁੰਦੇ ਹਾਂ। ਭਾਰਤ ਨੇ ਕੁਝ ਦਿਨ ਪਹਿਲਾਂ ਪੁਸ਼ਟੀ ਕੀਤੀ ਸੀ ਕਿ ਉਹ 114 ਰਾਫੇਲ ਲੜਾਕੂ ਜਹਾਜ਼ਾਂ ਦੇ ਇੱਕ ਨਵੇਂ ਬੈਚ ਦੀ ਕਮਾਂਡ ਅਤੇ ਸਹਿ-ਉਤਪਾਦਨ ਕਰਨਾ ਚਾਹੁੰਦਾ ਹੈ। 'ਮੇਕ ਇਨ ਇੰਡੀਆ' ਇਸ ਨਵੀਂ ਕਮਾਂਡ ਦਾ ਕੇਂਦਰ ਹੋਵੇਗਾ।' ਮੈਕਰੋਨ ਨੇ ਅੱਗੇ ਕਿਹਾ ਕਿ ਉਹ ਹਮੇਸ਼ਾ ਸਵਦੇਸ਼ੀ ਤਕਨਾਲੋਜੀ ਨੂੰ ਉਤਸ਼ਾਹਿਤ ਕਰਦੇ ਹਨ। ਇਹ ਕੰਪਨੀ ਅਤੇ ਸਰਕਾਰ ਵਿਚਕਾਰ ਗੱਲਬਾਤ ਦਾ ਹਿੱਸਾ ਹੈ। ਲੋਕ ਆਲੋਚਨਾ (ਬਾਕੀ ਸਫਾ 2 'ਤੇ)

ਪੰਜਾਬ ਤੋਂ ਹਿਮਾਚਲ ਜਾਣ ਵਾਲਿਆਂ ਨੂੰ ਝਟਕਾ

ਸੂਬੇ 'ਚ ਆਉਣ ਵਾਲੇ ਵਾਹਨਾਂ ਦੇ ਦਾਖ਼ਲੇ 'ਤੇ ਫ਼ੀਸ 'ਚ ਭਾਰੀ ਵਾਧਾ

ਸ਼ਿਮਲਾ, 19 ਫਰਵਰੀ (ਚ.ਨ.ਸ.):ਪੰਜਾਬ ਤੋਂ ਹਿਮਾਚਲ ਪ੍ਰਦੇਸ਼ 'ਚ ਦਾਖਲਾ ਫੀਸ ਮੁੜ ਵਿਵਾਦਾਂ ਵਿੱਚ ਹੈ। ਹਿਮਾਚਲ ਪ੍ਰਦੇਸ਼ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕਰਕੇ ਸੂਬੇ ਵਿੱਚ ਦਾਖਲ ਹੋਣ ਵਾਲੇ ਵਾਹਨਾਂ ਦੇ ਦਾਖਲੇ 'ਤੇ ਭਾਰੀ ਵਾਧਾ ਕੀਤਾ ਹੈ। ਨੋਟੀਫਿਕੇਸ਼ਨ ਜਾਰੀ ਕਰਨ ਤੋਂ ਬਾਅਦ 'ਇਲਾਕਾ ਬਚਾਓ ਸੰਘਰਸ਼ ਮੋਰਚਾ' ਨੇ ਇਸ ਦਾ ਵਿਰੋਧ ਕਰਦਿਆਂ ਕੋਈ ਵੱਡਾ ਫੈਸਲਾ ਕਰਨ ਦਾ ਐਲਾਨ ਕੀਤਾ ਹੈ।

ਹਿਮਾਚਲ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਵਿੱਚ ਹੁਣ ਰਾਜ ਵਿੱਚ ਦਾਖਲ ਹੋਣ ਵਾਲੀ ਪੰਜ ਸੀਟਰ ਕਾਰ 130 ਰੁਪਏ, ਇਨੋਵਾ, ਜੀਪ, ਥਾਰ ਅਤੇ ਵੈਨ 170, ਮਿੰਨੀ ਬੱਸ, ਟੈਂਪੂ ਤੇ ਹੋਰ ਵਾਹਨ 320, ਬੱਸ, ਟਰੱਕ 570, ਵੱਧ ਭਾਰ ਢੋਹਣ ਵਾਲੇ ਟਰੱਕ, ਟਿੱਪਰ ਤੇ (ਬਾਕੀ ਸਫਾ 2 'ਤੇ)

ਮੁਫ

ਭਾਰਤ ਸਿਰਫ਼ ਏ.ਆਈ. ਕ੍ਰਾਂਤੀ ਦਾ ਹਿੱਸਾ ਨਹੀਂ

ਇਹ ਮੋੜ ਸੱਭਿਅਤਾ ਦੀ ਦਿਸ਼ਾ ਤੈਅ ਕਰਦੇ ਹਨ ਅਤੇ ਵਿਕਾਸ ਦੀ ਰਫ਼ਤਾਰ ਨੂੰ ਬਦਲ ਦਿੰਦੇ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਇਤਿਹਾਸ ਵਿੱਚ ਅਜਿਹਾ ਹੀ ਇੱਕ ਪਰਿਵਰਤਨ ਹੈ।' ਭਾਰਤ ਮੰਡਪਮ ਵਿਖੇ ਹੋ ਰਹੇ ਇਸ ਸੰਮੇਲਨ ਵਿੱਚ ਸ਼ਾਮਲ ਹੋਣ ਵਾਲੇ ਵਿਸ਼ਵ ਨੇਤਾਵਾਂ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ, ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡਾ ਸਿਲਵਾ, ਸ਼੍ਰੀਲੰਕਾ ਦੇ ਰਾਸ਼ਟਰਪਤੀ ਅਨੁਰਾ ਕੁਮਾਰਾ ਦਿਸਾਨਾਇਕਾ, ਭੂਟਾਨ ਦੇ ਪ੍ਰਧਾਨ ਮੰਤਰੀ ਛੇਰਿੰਗ ਟੋਬਗੇ, ਮਾਰੀਸ਼ਸ ਦੇ ਪ੍ਰਧਾਨ ਮੰਤਰੀ ਨਵੀਨਚੰਦਰ ਰਾਮਗੂਲਮ, ਕਰੋਸ਼ੀਆ ਦੇ ਪ੍ਰਧਾਨ ਮੰਤਰੀ ਆਂਦਰੇਜ ਪਲੇਨਕੋਵਿਕ, ਸਰਬੀਆ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਵੂਕਿਕ, ਸੇਸ਼ੇਲਸ ਦੇ ਉਪ ਰਾਸ਼ਟਰਪਤੀ ਸੇਬੇਸਟੀਅਨ ਪਿਲੇ, ਐਸਟੋਨੀਆ ਦੇ ਰਾਸ਼ਟਰਪਤੀ ਅਲਾਰ ਕਾਰਿਸ ਅਤੇ ਫਿਨਲੈਂਡ ਦੇ ਪ੍ਰਧਾਨ ਮੰਤਰੀ ਪੇਟੇਰੀ ਓਰਪੋ ਸ਼ਾਮਲ ਹਨ। ਕੌਮੀ ਰਾਜਧਾਨੀ ਵਿੱਚ ਸੰਮੇਲਨ ਵਿੱਚ ਡੈਲੀਗੇਟਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ,''ਅੱਜ ਨਵੀਂ ਦਿੱਲੀ ਏਆਈ ਇਮਪੈਕਟ ਸਮਿਟ ਵਿੱਚ, ਮੈਂ ਏਆਈ ਲਈ 'ਮਾਨਵ ਵਿਜ਼ਨ' ਪੇਸ਼ ਕਰਦਾ ਹਾਂ। ਮਾਨਵ ਦਾ ਅਰਥ ਹੈ ਮਨੁੱਖ।'' ਪ੍ਰਧਾਨ ਮੰਤਰੀ ਮੋਦੀ ਨੇ ਦਾਅਵਾ ਕੀਤਾ ਕਿ 'ਮਾਨਵ ਵਿਜ਼ਨ' ਗਲੋਬਲ ਏਆਈ ਈਕੋਸਿਸਟਮ ਲਈ ਇੱਕ ਮਾਰਗਦਰਸ਼ਕ ਢਾਂਚੇ ਵਜੋਂ ਕੰਮ ਕਰੇਗਾ। ਉਨ੍ਹਾਂ ਕਿਹਾ,'ਭਾਰਤ ਦਾ ਇਹ 'ਮਾਨਵ ਵਿਜ਼ਨ' 21ਵੀਂ ਸਦੀ ਦੇ ਏ.ਆਈ.-ਅਧਾਰਿਤ ਸੰਸਾਰ ਵਿੱਚ ਮਨੁੱਖਤਾ ਦੀ ਭਲਾਈ ਲਈ ਇੱਕ ਮਹੱਤਵਪੂਰਨ ਕੜੀ ਬਣੇਗਾ।' ਉੱਭਰ ਰਹੇ ਖ਼ਤਰਿਆਂ ਬਾਰੇ ਚਿੰਤਾਵਾਂ ਨੂੰ ਉਜਾਗਰ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਖਾਸ ਤੌਰ 'ਤੇ ਬੱਚਿਆਂ ਲਈ ਮਜ਼ਬੂਤ ਸੁਰੱਖਿਆ ਉਪਾਵਾਂ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ,'ਸਾਨੂੰ ਬੱਚਿਆਂ ਦੀ ਸੁਰੱਖਿਆ ਦੇ ਸਬੰਧ ਵਿੱਚ ਵਧੇਰੇ ਸਾਵਧਾਨ ਰਹਿਣਾ ਹੋਵੇਗਾ। ਏਆਈ ਸਪੇਸ ਵੀ ਬੱਚਿਆਂ ਲਈ ਸੁਰੱਖਿਅਤ ਅਤੇ ਪਰਿਵਾਰਕ ਮਾਰਗਦਰਸ਼ਨ ਵਾਲੀ ਹੋਣੀ ਚਾਹੀਦੀ ਹੈ।'

ਏ.ਆਈ. ਦਾ ਕਮਾਲ:

ਉੜੀਸਾ ਅਤੇ ਤਮਿਲ ਵਰਗੀਆਂ ਪ੍ਰਮੁੱਖ ਖੇਤਰੀ ਭਾਸ਼ਾਵਾਂ ਵਿੱਚ ਵੀ ਦਿਖਾਇਆ ਗਿਆ। ਇਸ ਦੌਰਾਨ, ਸੰਮੇਲਨ ਵਿੱਚ ਇੱਕ ਸਕ੍ਰੀਨ 'ਤੇ ਐਨੀਮੇਸ਼ਨ ਰਾਹੀਂ ਪ੍ਰਧਾਨ ਮੰਤਰੀ ਦੇ ਭਾਸ਼ਣ ਦੀ ਸੰਕੇਤਕ ਭਾਸ਼ਾ ਵਿੱਚ ਵੀ ਵਿਆਖਿਆ ਕੀਤੀ ਗਈ, ਜੋ ਪੂਰੀ ਤਰ੍ਹਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੁਆਰਾ ਸੰਚਾਲਿਤ ਸੀ। ਉਨ੍ਹਾਂ ਕਿਹਾ ਕਿ ਭਾਰਤ ਦਾ ਮੰਨਣਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਸਹੀ ਮਾਅਨਿਆਂ ਵਿੱਚ ਵਿਸ਼ਵ ਦੇ ਭਲੇ ਲਈ ਉਦੋਂ ਕੰਮ ਕਰੇਗੀ, ਜਦੋਂ ਇਹ ਸਾਂਝੀ ਹੋਵੇਗੀ ਅਤੇ ਇਸਦੇ ਕੋਡ ਸਭ ਲਈ ਖੁੱਲ੍ਹੇ ਹੋਣਗੇ।

ਨਸ਼ਿਆਂ ਦੇ ਖ਼ਾਤਮੇ ਲਈ ਖੇਡਾਂ

ਦੀ ਲੋੜ ਨਹੀਂ ਰਹੇਗੀ। ਫਕਲ੍ਹਾ ਰਾਏਪੁਰ ਖੇਡਾਂ ਦੀ ਪੁਨਰ ਸੁਰਜੀਤੀ ਨੂੰ ਪੰਜਾਬ ਦੇ ਪੇਂਡੂ ਸੱਭਿਆਚਾਰ ਅਤੇ ਵਿਰਾਸਤ ਦੀ ਝਲਕ ਦੱਸਦਿਆਂ, ਮੁੱਖ ਮੰਤਰੀ ਨੇ ਨਵੀਂ ਖੇਡ ਨੀਤੀ 2023 ਨੂੰ ਸੂਬੇ ਦੀਆਂ ਖੇਡਾਂ ਦੀ ਸ਼ਾਨ ਨੂੰ ਬਹਾਲ ਕਰਨ ਵੱਲ ਇੱਕ ਅਹਿਮ ਕਦਮ ਦੱਸਿਆ ਜਿਸ ਤਹਿਤ ਹਰ ਪਿੰਡ ਵਿੱਚ ਸਟੇਡੀਅਮ ਬਣਾਏ ਜਾਣਗੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਕਿਲਾ ਰਾਏਪੁਰ ਵਿੱਚ ਅੱਠ ਏਕੜ ਵਿੱਚ ਫੈਲੇ ਛੱਪੜ ਦਾ ਸੁੰਦਰੀਕਰਨ ਕੀਤਾ ਜਾਵੇਗਾ ਅਤੇ ਪਿੰਡ ਵਿੱਚ ਇੱਕ ਆਧੁਨਿਕ ਲਾਇਬ੍ਰੇਰੀ ਬਣਾਈ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਪਿਛਲੀਆਂ ਸਰਕਾਰਾਂ ਵੱਲੋਂ ਕੀਤੀ ਲੁੱਟ-ਖਸੁੱਟ ਦੀ ਲੀਕੇਜ ਨੂੰ ਬੰਦ ਕਰ ਰਹੇ ਹਾਂ, ਜਿਸ ਨਾਲ ਜਨਤਾ ਦਾ ਪੈਸਾ ਬਚਾਇਆ ਜਾ ਰਿਹਾ ਹੈ ਅਤੇ ਇਸ ਨੂੰ ਸਿੱਧਾ ਲੋਕਾਂ 'ਤੇ ਖਰਚ ਕੀਤਾ ਜਾ ਰਿਹਾ ਹੈ।

ਕਿਲਾ ਰਾਏਪੁਰ ਪੇਂਡੂ ਓਲੰਪਿਕਸ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਖੇਡਾਂ ਨਸ਼ਿਆਂ ਦੇ ਖਾਤਮੇ ਦਾ ਸਭ ਤੋਂ ਘਾਤਕ ਹਥਿਆਰ ਹਨ ਅਤੇ ਸੂਬਾ ਸਰਕਾਰ ਸੂਬੇ ਦੇ ਆਉਣ ਵਾਲੇ ਬਜਟ ਵਿੱਚ ਖੇਡਾਂ ਦੇ ਬਜਟ ਵਿੱਚ ਵਾਧਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਹਿਲਾਂ ਹੀ ਖੇਡਾਂ ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ, ਪਿਛਲੀਆਂ ਸਰਕਾਰਾਂ ਵੱਲੋਂ ਨੌਜਵਾਨਾਂ ਦੇ ਵਿਕਾਸ ਲਈ ਅਹਿਮ ਖੇਤਰ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ, ਸਾਡੀ ਸਰਕਾਰ ਨੇ ਇਸ ਵੱਲ ਪੂਰਾ ਧਿਆਨ ਕੇਂਦਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਦਿਸ਼ਾ ਵੱਲ ਲਿਜਾਣ ਲਈ ਖੇਡਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਢਾਂਚਾਗਤ ਸੁਧਾਰਾਂ 'ਤੇ ਚਾਨਣਾ ਪਾਉਂਦਿਆਮੁੱਖ ਮੰਤਰੀ ਨੇ ਕਿਹਾ, ਨਵੀਂ ਖੇਡ ਨੀਤੀ 2023 ਪੰਜਾਬ ਦੀਆਂ ਖੇਡਾਂ ਦੀ ਸ਼ਾਨ ਨੂੰ ਬਹਾਲ ਕਰਨ ਲਈ ਸ਼ੁਰੂ ਕੀਤੀ ਗਈ ਸੀ ਅਤੇ ਹੁਣ ਖੇਡ ਬਜਟ ਨੂੰ ਵੀ ਹੋਰ ਵਧਾਇਆ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਖੇਡਾਂ ਵਤਨ ਪੰਜਾਬ ਦੀਆਂ ਦੇ ਤਿੰਨ ਸੀਜ਼ਨ ਸਫਲਤਾਪੂਰਵਕ ਕਰਵਾਏ ਗਏ, ਜਿਸ ਦੌਰਾਨ ਇੱਕੋ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਹਿੱਸਾ ਲੈਂਦੀਆਂ ਵੇਖੀਆਂ ਗਈਆਂ। ਉਨ੍ਹਾਂ ਕਿਹਾ, ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਪੰਜਾਬ ਅੱਜ ਖੇਡਾਂ ਵਿੱਚ ਦੇਸ਼ ਦੀ ਅਗਵਾਈ ਕਰ ਰਿਹਾ ਹੈ ਅਤੇ ਮੁੱਖ ਭਾਰਤੀ ਟੀਮਾਂ ਦੇ ਕਪਤਾਨ ਪੰਜਾਬ ਤੋਂ ਹਨ।

ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਜੰਗ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਸਰਕਾਰ ਨੇ ਸੂਬੇ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਹੈ ਅਤੇ ਖੇਡਾਂ ਇਸ ਜੰਗ ਵਿੱਚ ਸਭ ਤੋਂ ਵੱਡਾ ਹਥਿਆਰ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਹਰ ਪਿੰਡ ਵਿੱਚ ਸਟੇਡੀਅਮ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਸੂਬੇ ਦੇ ਨੌਜਵਾਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵਿੱਚ ਤਗਮੇ ਜਿੱਤ ਕੇ ਪੰਜਾਬ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ।

ਕਿਲਾ ਰਾਏਪੁਰ ਖੇਡਾਂ ਨੂੰ ਪੇਂਡੂ ਸੱਭਿਆਚਾਰ ਅਤੇ ਵਿਰਾਸਤ ਦੀ ਝਲਕ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਇਸ ਵਿਰਾਸਤ ਨੂੰ ਮੁੜ ਸੁਰਜੀਤ ਕੀਤਾ ਹੈ। ਇਸ ਨੂੰ ਇੱਕ ਇਤਿਹਾਸਕ ਪਲ ਦੱਸਦਿਆਂ ਉਨ੍ਹਾਂ ਕਿਹਾ ਕਿ ਇਹ ਖੇਡਾਂ ਵਿਸ਼ਵ ਪੱਧਰ 'ਤੇ ਪ੍ਰਸਿੱਧ ਹਨ ਅਤੇ ਲੰਬੇ ਸਮੇਂ ਤੋਂ ਬੈਲ ਗੱਡੀਆਂ ਦੀਆਂ ਦੌੜਾਂ ਨੂੰ ਮੁੜ ਸ਼ੁਰੂ ਕਰਨ ਦੀ ਮੰਗ ਕੀਤੀ ਜਾ ਰਹੀ ਸੀ।

ਉਨ੍ਹਾਂ ਕਿਹਾ, ਅਸੀਂ ਇਤਿਹਾਸਕ ਪਲਾਂ ਦੇ ਗਵਾਹ ਬਣ ਰਹੇ ਹਾਂ। ਲੋਕਾਂ ਨੂੰ ਆਪਣੇ ਬੈਲਾਂ ਨਾਲ ਬਹੁਤ ਪਿਆਰ ਹੈ ਅਤੇ ਉਹ ਉਨ੍ਹਾਂ ਨੂੰ ਆਪਣੇ ਪੁੱਤਰਾਂ ਵਾਂਗ ਪਾਲਦੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਤੀਜੇ ਸਾਲ ਕਿਲ੍ਹਾ ਰਾਏਪੁਰ ਦੇ ਗਰੇਵਾਲ ਸਟੇਡੀਅਮ ਵਿਖੇ ਪੇਂਡੂ ਓਲੰਪਿਕ 2026 ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮੇਲੇ ਦਾ ਮੁੱਖ ਆਕਰਸ਼ਣ ਬੈਲ ਗੱਡੀਆਂ ਦੀਆਂ ਦੌੜਾਂ 12 ਸਾਲਾਂ ਦੇ ਅੰਤਰਾਲ ਤੋਂ ਬਾਅਦ ਮੁੜ ਸੁਰਜੀਤ ਹੋਈਆਂ ਹਨ। ਬੈਲ ਗੱਡੀਆਂ ਦੀਆਂ ਦੌੜਾਂ ਨੂੰ ਮੁੜ ਸ਼ੁਰੂ ਕਰਨ ਸਬੰਧੀ ਕਾਨੂੰਨੀ ਵਿਵਸਥਾ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 11 ਜੁਲਾਈ, 2025 ਨੂੰ ਪੰਜਾਬ ਵਿਧਾਨ ਸਭਾ ਵਿੱਚ 'ਜਾਨਵਰਾਂ 'ਤੇ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਐਕਟ, 2025' ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ ਜਿਸ ਨਾਲ ਬੈਲ ਗੱਡੀਆਂ ਦੀਆਂ ਦੌੜਾਂ ਮੁੜ ਸ਼ੁਰੂ ਕਰਨ ਦਾ ਰਾਹ ਪੱਧਰਾ ਹੋਇਆ ਸੀ। ਉਨ੍ਹਾਂ ਅੱਗੇ ਕਿਹਾ ਕਿ ਕਾਨੂੰਨ ਪਾਸ ਹੋਣ ਤੋਂ ਬਾਅਦ 29 ਜੁਲਾਈ, 2025 ਨੂੰ ਲੁਧਿਆਣਾ ਦੇ ਪਿੰਡ ਮਹਿਮਾ ਸਿੰਘ ਵਾਲਾ ਵਿਖੇ ਵਿਰਾਸਤੀ ਖੇਡ ਪ੍ਰੇਮੀਆਂ ਵੱਲੋਂ ਇੱਕ ਸ਼ਾਨਦਾਰ ਸਮਾਗਮ ਕਰਵਾਇਆ ਗਿਆ ਸੀ। ਉਨ੍ਹਾਂ ਕਿਹਾ, ਬੈਲ ਗੱਡੀਆਂ ਦੀਆਂ ਦੌੜਾਂ ਸਾਡੀ ਪੇਂਡੂ ਵਿਰਾਸਤ ਨੂੰ ਦਰਸਾਉਂਦੀਆਂਹਨ ਅਤੇ ਸਾਨੂੰ ਸਾਡੇ ਸੱਭਿਆਚਾਰ ਤੇ ਵਿਰਾਸਤ ਨਾਲ ਜੋੜਦੀਆਂ ਹਨ। ਇਹ ਰਵਾਇਤੀ ਖੇਡਾਂ ਦੀ ਪੁਨਰ ਸੁਰਜੀਤੀਕਰਨ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਬੈਲ ਸੂਬੇ ਦੀ ਸੱਭਿਆਚਾਰਕ ਵਿਰਾਸਤ ਦਾ ਇੱਕ ਅਨਿੱਖੜਵਾਂ ਅੰਗ ਹਨ ਅਤੇ ਪਹਿਲੇ ਸਿੱਖ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਲੰਮਾ ਸਮਾਂ ਬਲਦਾਂ ਨਾਲ ਖੇਤੀ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਜਦੋਂ ਬੈਲ ਗੱਡੀਆਂ ਦੀਆਂ ਦੌੜਾਂ 'ਤੇ ਪਾਬੰਦੀ ਲਗਾਉਣ ਵਾਲਾ ਕਾਨੂੰਨ ਲਾਗੂ ਕੀਤਾ ਗਿਆ ਤਾਂ ਵਿਰਾਸਤੀ ਖੇਡ ਪ੍ਰੇਮੀਆਂ ਨੂੰ ਵੱਡਾ ਝਟਕਾ ਲੱਗਾ ਅਤੇ ਰਵਾਇਤੀ ਖੇਡ ਵਿਰਾਸਤ ਨੂੰ ਨੁਕਸਾਨ ਭਾਰੀ ਹੋਇਆ। ਉਨ੍ਹਾਂ ਕਿਹਾ, ਇਹ ਖੇਡ ਮੇਲਾ ਪੰਜਾਬੀ ਸੱਭਿਆਚਾਰ ਦੀ ਇੱਕ ਜਿਉਂਦੀ ਜਾਗਦੀ ਤਸਵੀਰ ਹੈ, ਜਿੱਥੇ ਕੁਸ਼ਤੀ, ਨੱਚਣ-ਗਾਉਣ ਵਰਗੀਆਂ ਖੇਡਾਂ ਰਾਹੀਂ ਪੰਜਾਬ ਦੀ ਮਹਾਨ ਵਿਰਾਸਤ ਨੂੰ ਨਿਹਾਰਿਆ ਜਾ ਸਕਦਾ ਹੈ।

ਇਸ ਸਮਾਗਮ ਨਾਲ ਜੁੜੀ ਵਿਰਾਸਤ ਨੂੰ ਯਾਦ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਧਿਆਨ ਚੰਦ, ਬਲਬੀਰ ਸਿੰਘ, ਊਧਮ ਸਿੰਘ, ਪ੍ਰਿਥੀਪਾਲ ਸਿੰਘ, ਅਜੀਤਪਾਲ ਸਿੰਘ ਅਤੇ ਸੁਰਜੀਤ ਸਿੰਘ ਵਰਗੇ ਮਹਾਨ ਹਾਕੀ ਖਿਡਾਰੀਆਂ ਨੇ ਇਸ ਸਮਾਗਮ ਵਿੱਚ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ। ਉਨ੍ਹਾਂ ਅੱਗੇ ਕਿਹਾ ਕਿ ਮਿਲਖਾ ਸਿੰਘ, ਮੱਖਣ ਸਿੰਘ, ਪ੍ਰਦੁਮਨ ਸਿੰਘ, ਗੁਰਬਚਨ ਸਿੰਘ ਰੰਧਾਵਾ ਅਤੇ ਪਰਵੀਨ ਕੁਮਾਰ ਸਮੇਤ ਦੇਸ਼ ਭਰ ਦੇ ਚੋਟੀ ਦੇ ਐਥਲੀਟ ਵੀ ਇਸ ਟਰੈਕ 'ਤੇ ਦੌੜੇ। ਇਹਨਾਂ ਖੇਡਾਂ ਦੀ ਸ਼ੁਰੂਆਤ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਰਦਾਰ ਇੰਦਰ ਸਿੰਘ ਦੀ ਸਰਪ੍ਰਸਤੀ ਹੇਠ ਸਾਲ 1933 ਵਿੱਚ ਇਸ ਸਟੇਡੀਅਮ ਨੂੰ ਬਣਾਉਣ ਦਾ ਸੁਪਨਾ ਦੇਖਿਆ ਗਿਆ ਸੀ ਜਦੋਂ ਗਰੇਵਾਲ ਐਜੂਕੇਸ਼ਨ ਸੋਸਾਇਟੀ ਅਤੇ ਗਰੇਵਾਲ ਸਪੋਰਟਸ ਐਸੋਸੀਏਸ਼ਨ ਬਣਾਈ ਗਈ ਸੀ।

ਉਨ੍ਹਾਂ ਕਿਹਾ ਕਿ ਇੱਥੇ ਪਹਿਲੇ ਕੁਸ਼ਤੀ ਮੁਕਾਬਲੇ ਸਾਲ 1933 ਵਿੱਚ ਹੋਏ ਅਤੇ ਸਾਲ 1942 ਵਿੱਚ ਇਸ ਮੈਦਾਨ 'ਤੇ ਰੱਥ ਦੌੜਾਂ ਸ਼ੁਰੂ ਹੋਈਆਂ, ਜੋ 1950 ਵਿੱਚ ਰੱਥਾਂ ਤੋਂ ਛਤਰੀਆਂ ਹਟਾਉਣ ਤੋਂ ਬਾਅਦ ਬੈਲ ਗੱਡੀਆਂ ਦੀਆਂ ਦੌੜਾਂ ਵਿੱਚ ਬਦਲ ਗਈਆਂ। ਉਨ੍ਹਾਂ ਕਿਹਾ, ਬੈਲ ਗੱਡੀਆਂ ਦੀਆਂ ਦੌੜਾਂ ਦੇ ਨਾਲ-ਨਾਲ, ਇਸ ਸਟੇਡੀਅਮ ਵਿੱਚ ਐਥਲੈਟਿਕਸ ਮੁਕਾਬਲੇ ਵੀ ਸ਼ੁਰੂ ਹੋਏ ਜਿਸ ਨੇ ਕਈ ਪੀੜ੍ਹੀਆਂ ਨੂੰ ਖੇਡਾਂ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਾਲ 1964 ਵਿੱਚ ਇੱਥੇ ਕੁੜੀਆਂ ਦੇ ਐਥਲੈਟਿਕਸ ਮੁਕਾਬਲੇ ਸ਼ੁਰੂ ਕੀਤੇ ਗਏ, ਜਿਸ ਨਾਲ ਕੁੜੀਆਂ ਦੇ ਐਥਲੈਟਿਕਸ ਕਰਵਾਉਣ ਵਾਲਾ ਇਹ ਪਹਿਲਾ ਪੇਂਡੂ ਸਟੇਡੀਅਮ ਬਣ ਗਿਆ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਲ 1933 ਵਿੱਚ ਸ਼ੁਰੂ ਹੋਈਆਂ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਹੁਣ ਮਿੰਨੀ ਓਲੰਪਿਕ ਜਾਂ ਪੇਂਡੂ ਓਲੰਪਿਕ ਵਜੋਂ ਜਾਣੀਆਂ ਜਾਂਦੀਆਂ ਹਨ ਅਤੇ ਭਾਰਤ ਦੇ ਰਾਸ਼ਟਰਪਤੀ ਅਤੇ ਹੋਰ ਉੱਘੀਆਂ ਸ਼ਖਸੀਅਤਾਂ ਵੀ ਇਨ੍ਹਾਂ ਵਿੱਚ ਸ਼ਾਮਲ ਹੁੰਦੀਆਂ ਰਹੀਆਂ ਹਨ।

ਪਿੰਡਾਂ ਵਿੱਚ ਭਾਈਚਾਰਕ ਸਾਂਝ ਅਤੇ ਏਕਤਾ 'ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਨੇ ਕਿਲ੍ਹਾ ਰਾਏਪੁਰ ਦੇ ਵਸਨੀਕਾਂ ਵੱਲੋਂ ਖੇਡ ਵਿਰਾਸਤ ਨੂੰ ਇਕਜੁੱਟ ਹੋ ਕੇ ਪ੍ਰਫੁੱਲਤ ਕਰਨ ਲਈ ਸ਼ਲਾਘਾ ਕੀਤੀ ਅਤੇ ਸਾਰੇ ਪਿੰਡਾਂ ਨੂੰ ਰਾਜਨੀਤਿਕ ਮੱਤਭੇਦਾਂ ਤੋਂ ਉੱਪਰ ਉੱਠ ਕੇ ਪਿੰਡਾਂ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਕਿਲ੍ਹਾ ਰਾਏਪੁਰ ਦੇ ਵਾਸੀਆਂ ਦੀਆਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਭਗਵੰਤ ਸਿੰਘ ਮਾਨ ਨੇ ਕਈ ਵਿਕਾਸ ਪ੍ਰੋਜੈਕਟਾਂ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਪਿੰਡ ਦੀ ਫਿਰਨੀ ਵਾਲੀ ਸੜਕ ਨੂੰ 1.5 ਕਰੋੜ ਰੁਪਏ ਦੀ ਲਾਗਤ ਨਾਲ ਚੌੜਾ ਕੀਤਾ ਜਾਵੇਗਾ, ਪਿੰਡ ਦੀ ਸਹਿਕਾਰੀ ਸਭਾ ਨੂੰ ਮੁੜ ਸੁਰਜੀਤ ਕੀਤਾ ਜਾਵੇਗਾ, ਪਿੰਡ ਦੇ ਅੱਠ ਏਕੜ ਵਿੱਚ ਫੈਲੇ ਛੱਪੜ ਨੂੰ 95 ਲੱਖ ਰੁਪਏ ਦੀ ਲਾਗਤ ਨਾਲ ਸੀਚੇਵਾਲ ਮਾਡਲ 'ਤੇ ਵਿਕਸਤ ਕੀਤਾ ਜਾਵੇਗਾ, ਪਿੰਡ ਦੀ ਲਾਇਬ੍ਰੇਰੀ ਨੂੰ 10 ਲੱਖ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਜਾਵੇਗਾ ਅਤੇ ਸਿਕਸ-ਏ-ਸਾਈਡ ਹਾਕੀ ਐਸਟ੍ਰੋਟਰਫ ਦੇ ਨਿਰਮਾਣ 'ਤੇ 2 ਕਰੋੜ ਰੁਪਏ ਖਰਚ ਕੀਤੇ ਜਾਣਗੇ। ਸਟੇਡੀਅਮ ਵਿੱਚ ਫਲੱਡ ਲਾਈਟਾਂ ਲਗਾਈਆਂ ਜਾਣਗੀਆਂ।

ਉਨ੍ਹਾਂ ਅੱਗੇ ਕਿਹਾ ਕਿ ਡੇਹਲੋਂ ਤੋਂ ਪੱਖੋਵਾਲ ਸੜਕ ਦਾ 30 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤਾ ਜਾਵੇਗਾ ਅਤੇ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ। ਮੁੱਖ ਮੰਤਰੀ ਸਿਹਤ ਯੋਜਨਾ ਅਧੀਨ ਲੋਕਾਂ ਨੂੰ 10 ਲੱਖ ਰੁ

ਭਗਵੰਤ ਮਾਨ ਸਰਕਾਰ ਪ੍ਰੇਸ਼ਾਨੀ-ਰਹਿਤ ਤੇ ਸਾਜ਼ਗਾਰ ਕਾਰੋਬਾਰੀ ਮਾਹੌਲ ਯਕੀਨੀ ਬਣਾਉਣ ਲਈ ਵਚਨਬੱਧ : ਚੀਮਾ

ਚੰਡੀਗੜ੍ਹ, 19 ਫਰਵਰੀ (ਚ.ਨ.ਸ.): ਪੰਜਾਬ ਦੇ ਵਿੱਤ, ਆਬਕਾਰੀ ਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਕਿਹਾ ਕਿ ਭਗਵੰਤ ਮਾਨ ਸਰਕਾਰ ਵਪਾਰ ਦੀ ਸਹੂਲਤ ਤੇ ਸਖ਼ਤ ਟੈਕਸ ਅਨੁਪਾਲਣ (ਟੈਕਸ ਨਿਯਮਾਂ ਦੀ ਪਾਲਣਾ) ਵਿਚਕਾਰ ਮਜ਼ਬੂਤੀ ਨਾਲ ਸੰਤੁਲਨ ਬਣਾ ਰਹੀ ਹੈ ਜਿਸ ਦੇ ਚੱਲਦਿਆਂ ਪੰਜਾਬ ਕਰ ਵਿਭਾਗ ਨੇ ਜੀ.ਐਸ.ਟੀ. ਪ੍ਰਣਾਲੀ ਤੋਂ ਪਹਿਲਾਂ ਦੇ ਕਰ ਬਕਾਇਆਂ ਦੀ ਵਸੂਲੀ ਲਈ ਇੱਕ ਵੱਡੀ ਮੁਹਿੰਮ ਤਹਿਤ 91.10 ਕਰੋੜ ਰੁਪਏ ਦੀਆਂ 136 ਜਾਇਦਾਦਾਂ ਅਟੈਚ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਜਿੱਥੇ ਸਰਕਾਰ ਨੇ ਵਪਾਰੀਆਂ ਨੂੰ ਪੁਰਾਣੇ ਬਕਾਏ ਚੁਕਾਉਣ ਵਿੱਚ ਮਦਦ ਕਰਨ ਲਈ ਇੱਕ ਬਹੁਤ ਹੀ ਲਾਹੇਵੰਦ ਯਕਮੁਸ਼ਤ ਨਿਪਟਾਰਾ ਸਕੀਮ ਦੇ ਸਮੇਂ ਵਿੱਚ ਵਾਧਾ ਕੀਤਾ ਹੈ, ਉੱਥੇ ਹੀ ਲਗਾਤਾਰ ਡਿਫਾਲਟਰ ਰਹਿਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਵੀ ਕੀਤੀ ਜਾ ਰਹੀ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਪੰਜਾਬ ਸਰਕਾਰ ਪਰੇਸ਼ਾਨੀ-ਰਹਿਤ ਅਤੇ ਸਾਜ਼ਗਾਰ ਕਾਰੋਬਾਰੀ ਮਾਹੌਲ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹੀ ਕਾਰਨ ਹੈ ਕਿ ਅਸੀਂ ਯਕਮੁਸ਼ਤ ਨਿਪਟਾਰਾ ਯੋਜਨਾ ਦੇ ਸਮੇਂ ਨੂੰ ਵਧਾਇਆ ਹੈ, ਜੋ ਵਪਾਰੀਆਂ ਨੂੰ ਉਨ੍ਹਾਂ ਦੇ ਜੀ.ਐਸ.ਟੀ. ਪ੍ਰਣਾਲੀ ਤੋਂ ਪਹਿਲਾਂ ਦੇ ਬਕਾਇਆਂ ਦਾ ਸੁਖਾਵੇਂ ਮਾਹੌਲ ਵਿੱਚ ਨਿਪਟਾਰਾ ਕਰਨ ਲਈ ਇੱਕ ਸੁਨਹਿਰੀ ਮੌਕਾ ਪ੍ਰਦਾਨ ਕਰਦੀ ਹੈ।"

ਆਬਕਾਰੀ ਅਤੇ ਕਰ ਮੰਤਰੀ ਨੇ ਅੱਗੇ ਕਿਹਾ, "ਹਾਲਾਂਕਿ, ਜਾਣਬੁੱਝ ਕੇ ਕੀਤੀ ਗਈ ਕਰ ਚੋਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। 91 ਕਰੋੜ ਰੁਪਏ ਤੋਂ ਵੱਧ ਦੀਆਂ 136 ਜਾਇਦਾਦਾਂ ਨੂੰ ਅਟੈਚ ਕਰਨਾ ਇੱਕ ਸਪੱਸ਼ਟ ਸੰਦੇਸ਼ ਦਿੰਦਾ ਹੈ ਕਿ ਕਰ ਵਿਭਾਗ ਵੱਡੇ ਡਿਫਾਲਟਰਾਂ ਵਿਰੁੱਧ ਲਗਾਤਾਰ ਕਾਰਵਾਈ ਕਰ ਰਿਹਾ ਹੈ। ਮੈਂ ਸਾਰੇ ਸਬੰਧਤ ਵਪਾਰੀਆਂ ਨੂੰ ਜ਼ੋਰਦਾਰ ਅਪੀਲ ਕਰਦਾ ਹਾਂ ਕਿ ਉਹ ਆਪਣੇ ਬਕਾਏ ਦਾ ਨਿਪਟਾਰਾ ਕਰਨ ਤੇ ਆਪਣੀਆਂ ਜਾਇਦਾਦਾਂ ਨੂੰ ਆਗਾਮੀ ਨਿਲਾਮੀ ਤੋਂ ਬਚਾਉਣ ਲਈ ਯਕਮੁਸ਼ਤ ਨਿਪਟਾਰਾ ਯੋਜਨਾ ਦਾ ਤੁਰੰਤ ਲਾਭ ਲੈਣ।" 18 ਫਰਵਰੀ, 2026 ਤੱਕ ਬਕਾਇਆ ਦੇਣਦਾਰੀਆਂ ਬਾਰੇ ਅਧਿਕਾਰਤ ਅੰਕੜੇ ਸਾਂਝੇ ਕਰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ, "ਵਿਭਾਗ ਨੇ ਵੱਖ-ਵੱਖ ਅਧਿਕਾਰ ਖੇਤਰਾਂ ਵਿੱਚ ਕੁੱਲ 136 ਜਾਇਦਾਦਾਂ ਅਟੈਚ ਕੀਤੀਆਂ ਹਨ ਜਿਨ੍ਹਾਂ ਦੀ ਕੀਮਤ 91.10 ਕਰੋੜ ਰੁਪਏ ਹੈ। ਇਸ ਵਿੱਚ ਪ੍ਰਾਇਮਰੀ ਜ਼ਿਲ੍ਹਿਆਂ ਵਿੱਚ ਸਥਿਤ 50.58 ਕਰੋੜ ਰੁਪਏ ਦੀਆਂ 78 ਜਾਇਦਾਦਾਂ, ਅਤੇ ਹੋਰਨਾਂ ਜ਼ਿਲ੍ਹਿਆਂ, ਰਾਜਾਂ ਜਾਂ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸਥਿਤ 40.52 ਕਰੋੜ ਰੁਪਏ ਦੀਆਂ ਹੋਰ 58 ਜਾਇਦਾਦਾਂ ਸ਼ਾਮਲ ਹਨ। ਇਸ ਤੋਂ ਇਲਾਵਾ, ਕੁਝ ਜਾਇਦਾਦਾਂ ਦੀ ਪਹਿਲਾਂ ਹੀ ਨਿਲਾਮੀ ਕੀਤੀ ਜਾ ਚੁੱਕੀ ਹੈ, ਜਿਸ ਦੇ ਨਤੀਜੇ ਵਜੋਂ 15.27 ਕਰੋੜ ਰੁਪਏ ਦੀ ਵਸੂਲੀ ਹੋਈ ਹੈ।"

ਉਨ੍ਹਾਂ ਅੱਗੇ ਦੱਸਿਆ, "ਮੁੱਖ ਦਫ਼ਤਰ ਨੇ 33.77 ਕਰੋੜ ਰੁਪਏ ਦੀਆਂ 35 ਜਾਇਦਾਦਾਂ ਵੇਚਣ ਦੀ ਪ੍ਰਵਾਨਗੀ ਪਹਿਲਾਂ ਹੀ ਦੇ ਦਿੱਤੀ ਹੈ। ਇਨ੍ਹਾਂ ਮਨਜ਼ੂਰਸ਼ੁਦਾ ਕੇਸਾਂ ਵਿੱਚੋਂ, 13.68 ਕਰੋੜ ਰੁਪਏ ਦੀਆਂ 21 ਜਾਇਦਾਦਾਂ ਦੀ ਨਿਲਾਮੀ ਦੀਆਂ ਅੰਤਿਮ ਤਰੀਕਾਂ ਤੈਅ ਕਰ ਦਿੱਤੀਆਂ ਗਈਆਂ ਹਨ। ਜ਼ਿਲ੍ਹਾ ਅਧਿਕਾਰੀਆਂ ਵੱਲੋਂ ਵੀ ਆਪਣੇ ਤੌਰ 'ਤੇ 16.42 ਕਰੋੜ ਰੁਪਏ ਦੀਆਂ ਹੋਰ 15 ਜਾਇਦਾਦਾਂ ਦੀ ਨਿਲਾਮੀ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ, ਜਿਨ੍ਹਾਂ ਦੀ ਵਿਕਰੀ ਲਈ ਰਸਮੀ ਮਨਜ਼ੂਰੀ ਫਿਲਹਾਲ ਪ੍ਰਕਿਰਿਆ ਅਧੀਨ ਹੈ।" ਵਿੱਤ ਮੰਤਰੀ ਨੇ ਕਿਹਾ, "ਵਿਆਪਕ ਅੰਤਰ-ਅਧਿਕਾਰ ਖੇਤਰ ਵਸੂਲੀ ਨੂੰ ਯਕੀਨੀ ਬਣਾਉਣ ਲਈ, ਰਿਕਵਰੀ ਸਰਟੀਫਿਕੇਟ ਜਾਰੀ ਕੀਤੇ ਗਏ ਹਨ ਅਤੇ 10.61 ਕਰੋੜ ਰੁਪਏ ਦੀਆਂ 24 ਜਾਇਦਾਦਾਂ ਲਈ ਸਬੰਧਤ ਡਿਪਟੀ ਕਮਿਸ਼ਨਰਾਂ ਦੇ ਪੱਧਰ 'ਤੇ ਲੰਬਿਤ ਹਨ। ਇਨ੍ਹਾਂ ਇਨਫੋਰਸਮੈਂਟ ਕਾਰਵਾਈਆਂ ਦੇ ਵੱਧ ਰਹੇ ਦਬਾਅ ਦੇ ਠੋਸ ਨਤੀਜੇ ਸਾਹਮਣੇ ਆ ਰਹੇ ਹਨ, ਕਿਉਂਕਿ ਕਈ ਲਾਇਸੰਸਧਾਰਕਾਂ ਅਤੇ ਜ਼ਮਾਨਤੀਆਂ ਨੇ ਆਪਣੀਆਂ ਜਾਇਦਾਦਾਂ ਦੀ ਆਗਾਮੀ ਨਿਲਾਮੀ ਨੂੰ ਰੋਕਣ ਲਈ ਸਰਗਰਮੀ ਨਾਲ ਆਪਣੀ ਬਕਾਇਆ ਰਾਸ਼ੀ ਜਮ੍ਹਾਂ ਕਰਾਉਣੀ ਸ਼ੁਰੂ ਕਰ ਦਿੱਤੀ ਹੈ।"

ਅੰਤ ਵਿੱਚ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਚੇਤਾਵਨੀ ਦਿੱਤੀ ਕਿ ਕਰ ਵਿਭਾਗ ਵਸੂਲੀ ਪ੍ਰਕਿਰਿਆ ਦੀ ਨੇੜਿਓਂ ਨਿਗਰਾਨੀ ਕਰ ਰਿਹਾ ਹੈ ਅਤੇ ਜੇਕਰ ਸਬੰਧਤ ਕਰਦਾਤਾ ਜਿਸ ਵੱਲ ਜੀ.ਐਸ.ਟੀ. ਤੇ ਪਹਿਲਾਂ ਦਾ ਬਕਾਇਆ ਖੜ੍ਹਾ ਹੈ, ਚੱਲ ਰਹੀ ਓ.ਟੀ.ਐਸ. ਦਾ ਲਾਭ ਲੈਣ ਵਿੱਚ ਅਸਫਲ ਰਹਿੰਦਾ ਹੈ ਤਾਂ ਜਿਨ੍ਹਾਂ ਜਾਇਦਾਦਾਂ ਦੀਆਂ ਤਰੀਕਾਂ ਪਹਿਲਾਂ ਹੀ ਤੈਅ ਹੋ ਚੁੱਕੀਆਂ ਹਨ ਉਨ੍ਹਾਂ ਦੀ ਅੰਤਿਮ ਨਿਲਾਮੀ ਨਿਰਧਾਰਿਤ ਪ੍ਰੋਗਰਾਮ ਅਨੁਸਾਰ ਹੀ ਹੋਵੇਗੀ।

ਲਾਲ ਚੰਦ ਕਟਾਰੂਚੱਕ ਨੇ ਛੱਤਬੀੜ ਚਿੜੀਆਘਰ ਵਿੱਚ ਬਾਘ ਦੇ ਤਿੰਨ ਮਾਦਾ ਬੱਚਿਆਂ ਦਾ ਨਾਮ ਗਰਿਮਾ, ਗੁੰਜਨ ਤੇ ਗਜ਼ਲ ਰੱਖਿਆ

ਚੰਡੀਗੜ੍ਹ, 19 ਫਰਵਰੀ (ਚ.ਨ.ਸ.): ਛੱਤਬੀੜ ਚਿੜੀਆਘਰ ਵਿਖੇ ਕਰਵਾਏ ਇੱਕ ਸ਼ਾਨਦਾਰ ਸਮਾਗਮ ਦੌਰਾਨ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਮਾਦਾ ਬਾਘ ਗੌਰੀ ਤੋਂ ਪੈਦਾ ਹੋਏ ਤਿੰਨ ਮਾਦਾ ਬੱਚਿਆਂ ਦਾ ਨਾਮ ਗਰਿਮਾ, ਗੁੰਜਨ ਤੇ ਗਜ਼ਲ ਰੱਖਿਆ। ਜ਼ਿਕਰਯੋਗ ਹੈ ਕਿ ਤਿੰਨੋਂ ਬੱਚੇ ਪਿਛਲੇ ਸਾਲ 5 ਨਵੰਬਰ ਨੂੰ ਪੈਦਾ ਹੋਏ ਸਨ ਅਤੇ ਇਹਨਾਂ ਨੂੰ ਹੁਣ 3 ਮਹੀਨੇ ਦੀ ਮਿਆਦ ਪੂਰੀ ਹੋਣ ਤੋਂ ਬਾਅਦ ਕਿਸੇ ਵੱਡੀ ਜਗ੍ਹਾ ਵਿੱਚ ਛੱਡਿਆ ਜਾਵੇਗਾ। ਇਨ੍ਹਾਂ 3 ਵਿੱਚੋਂ ਦੋ ਦਾ ਰੰਗ ਚਿੱਟਾ ਅਤੇ ਇੱਕ ਦਾ ਰੰਗ ਭੂਰਾ ਹੈ।

ਇਸ ਨਾਲ ਚਿੜੀਆਘਰ ਵਿੱਚ ਬਾਘਾਂ ਦੀ ਕੁੱਲ ਗਿਣਤੀ 10 ਹੋ ਗਈ ਹੈ। ਜੰਗਲੀ ਜੀਵਾਂ ਦੀ ਸਾਂਭ ਸੰਭਾਲ ਤੇ ਲੋਕਾਂ ਨੂੰ ਉਨ੍ਹਾਂ ਦੀ ਭਲਾਈ ਤੇ ਦੇਖਭਾਲ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦੇ ਹਿੱਸੇ ਵਜੋਂ, ਮੰਤਰੀ ਨੇ ਛੱਤਬੀੜ ਚਿੜੀਆਘਰ ਦਾ ਫੇਸਬੁੱਕ ਅਤੇ ਇੰਸਟਾਗ੍ਰਾਮ ਅਕਾਊਂਟ ਵੀ ਜਾਰੀ ਕੀਤਾ। ਸੋਸ਼ਲ ਮੀਡੀਆ ਨੂੰ ਜੰਗਲੀ ਜੀਵਾਂ ਅਤੇ ਕੁਦਰਤ ਦੀ ਸਾਂਭ-ਸੰਭਾਲ ਦਾ ਅਹਿਮ ਸਾਧਨ ਦੱਸਦਿਆਂ ਮੰਤਰੀ ਨੇ ਆਸ ਪ੍ਰਗਟਾਈ ਕਿ ਇਸ ਨਾਲ ਜੰਗਲੀ ਜੀਵਾਂ ਦੀ ਸੁਰੱਖਿਆ ਸਬੰਧੀ ਸੂਬਾ ਸਰਕਾਰ ਦੇ ਯਤਨਾਂ ਦੀ ਪਹੁੰਚ ਵਿੱਚ ਹੋਰ ਵੀ ਵਾਧਾ ਹੋਵੇਗਾ।

ਇੱਕ ਹੋਰ ਅਹਿਮ ਜਾਣਕਾਰੀ ਦਿੰਦਿਆਂ ਕਟਾਰੂਚੱਕ ਨੇ ਦੱਸਿਆ ਕਿ ਅਪ੍ਰੈਲ ਮਹੀਨੇ ਵਿੱਚ ਚਿੜੀਆਘਰ ਦੀ ਗੋਲਡਨ ਜੁਬਲੀ (50 ਸਾਲ) ਪੂਰੀ ਹੋ ਜਾਵੇਗੀ ਤੇ ਵਿਭਾਗ ਵੱਲੋਂ ਇਸ ਅਹਿਮ ਮੌਕੇ ਨੂੰ ਸ਼ਾਨਦਾਰ ਢੰਗ ਨਾਲ ਮਨਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਚੀਫ਼ ਵਾਈਲਡਲਾਈਫ ਵਾਰਡਨ ਬਸੰਤਾ ਰਾਜ ਕੁਮਾਰ ਅਤੇ ਛੱਤਬੀੜ ਚਿੜੀਆਘਰ ਦੇ ਫੀਲਡ ਡਾਇਰੈਕਟਰ ਨਲਿਨ ਯਾਦਵ ਵੀ ਮੌਜੂਦ ਸਨ।

ਫਰਾਂਸ ਦੇ ਰਾਸ਼ਟਰਪਤੀ ਐਮੂਨਲ ਮੈਕਰੋਨ ਗੁ. ਬੰਗਲਾ ਸਾਹਿਬ ਵਿਖੇ ਹੋਏ ਨਤਮਸਤਕ

ਨਵੀਂ ਦਿੱਲੀ, 19 ਫਰਵਰੀ (ਅੰਮ੍ਰਿਤਪਾਲ ਸਿੰਘ): ਫਰਾਂਸ ਦੇ ਰਾਸ਼ਟਰਪਤੀ ਐਮੂਨਲ ਮੈਕਰੋਨ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਫਰਾਂਸ ਦੇ ਰਾਸ਼ਟਰਪਤੀ ਐਮੂਨਲ ਮੈਕਰੋਨ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਉਹਨਾਂ ਕਿਹਾ ਕਿ ਰਾਸ਼ਟਰਪਤੀ ਨੇ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਉਸ ਸਮੇਂ ਗੁਰੂ ਘਰ ਵਿਚ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਜਦੋਂ ਕੀਰਤਨੀ ਜੱਥੇ ਗੁਰੂ ਕੀ ਇਲਾਹੀ ਬਾਣੀ ਦਾ ਰਸਭਿੰਨਾ ਕੀਰਤਨ ਕਰ ਰਹੇ ਸਨ। ਉਹਨਾਂ ਕਿਹਾ ਕਿ ਕੁਝ ਲੋਕ ਜਾਣ ਬੁੱਝ ਕੇ ਅਜਿਹਾ ਕੂੜ ਪ੍ਰਚਾਰ ਕਰ ਰਹੇ ਹਨ ਕਿ ਕੋਈ ਰਸਤਾ ਬੰਦ ਕੀਤਾ ਗਿਆ ਹੈ।

ਉਹਨਾਂ ਕਿਹਾ ਕਿ ਉਹਨਾਂ ਨੇ ਪੁਲਿਸ ਦੇ ਉੱਚ ਅਧਿਕਾਰੀਆਂ ਨਾਲ ਵੀ ਗੱਲਬਾਤ ਕੀਤੀ ਹੈ ਤੇ ਉਹ ਸਪਸ਼ਟ ਕਰਨਾ ਚਾਹੁੰਦੇ ਹਨ ਕਿ ਜਦੋਂ ਵੀ ਕੋਈ ਵੀ ਵੀ ਆਈ ਪੀ ਆਉਂਦੇ ਹਨ ਤਾਂ ਕਿਸੇ ਵੀ ਤਰੀਕੇ ਕੋਈ ਰਸਤਾ ਬੰਦ ਨਹੀਂ ਕੀਤਾ ਜਾਂਦਾ। ਉਹਨਾਂ ਨੇ ਸੰਗਤਾਂ ਦੇ ਸਹਿਯੋਗ ਲਈ ਧੰਨਵਾਦ ਕਰਦਿਆਂ ਫਿਰ ਤੋਂ ਵਿਸ਼ਵਾਸ ਦੁਆਇਆ ਕਿ ਕਮੇਟੀ ਹਰ ਤਰੀਕੇ ਤੇ ਹਰ ਸਹਿਯੋਗ ਵਾਸਤੇ ਸੰਗਤਾਂ ਦੇ ਸਹਿਯੋਗ ਲਈ ਹਾਜ਼ਰ ਹੈ ਤੇ ਇਸ ਵਿਚ ਕੋਈ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਭਗਵੰਤ ਮਾਨ ਸਰਕਾਰ ਨੇ ਬੋਰਡ ਪ੍ਰੀਖਿਆ ਦੇਣ ਵਾਲੇ 6,695 ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ 3,255 ਵਿਸ਼ੇਸ਼ ਕੇਂਦਰ ਕੀਤੇ ਸਥਾਪਤ : ਬੈਂਸ

ਚੰਡੀਗੜ੍ਹ, 19 ਫਰਵਰੀ (ਚ.ਨ.ਸ.): ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਜ ਦੱਸਿਆ ਕਿ ਭਗਵੰਤ ਮਾਨ ਸਰਕਾਰ ਵੱਲੋਂ 17 ਫਰਵਰੀ, 2026 ਤੋਂ ਸ਼ੁਰੂ ਹੋਈਆਂ ਪੰਜਾਬ ਸਕੂਲ ਸਿੱਖਿਆ ਬੋਰਡ (ਪੀਐਸਈਬੀ) ਦੀਆਂ ਸਾਲਾਨਾ ਪ੍ਰੀਖਿਆਵਾਂ ਵਿੱਚ ਸ਼ਾਮਲ ਹੋਣ ਵਾਲੇ ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਦੀ ਸਹੂਲਤ ਲਈ ਵਿਆਪਕ ਪ੍ਰਬੰਧ ਕੀਤੇ ਗਏ ਹਨ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਾਰਿਆਂ ਲਈ ਸਿੱਖਿਆ ਦੇ ਬਰਾਬਰ ਮੌਕੇ ਯਕੀਨੀ ਬਣਾਉਣ ਵੱਲ ਅਹਿਮ ਕਦਮ ਚੁੱਕਦਿਆਂ ਸੂਬਾ ਸਰਕਾਰ ਨੇ ਪੰਜਾਬ ਭਰ ਵਿੱਚ 6,695 ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ 3,255 ਵਿਸ਼ੇਸ਼ ਪ੍ਰੀਖਿਆ ਕੇਂਦਰ ਸਥਾਪਤ ਕੀਤੇ ਹਨ ਤਾਂ ਜੋ ਹਰ ਵਿਦਿਆਰਥੀ ਪ੍ਰੀਖਿਆ ਵਿੱਚ ਮਾਣ ਅਤੇ ਵਿਸ਼ਵਾਸ ਨਾਲ ਹਿੱਸਾ ਲੈ ਸਕੇ।

ਉਨ੍ਹਾਂ ਦੱਸਿਆ ਕਿ ਕੁੱਲ 3,255 ਵਿਸ਼ੇਸ਼ ਕੇਂਦਰਾਂ ਵਿੱਚੋਂ, 2,804 ਕੇਂਦਰ ਇੱਕ-ਇੱਕ ਵਿਦਿਆਰਥੀ ਲਈ ਸਥਾਪਿਤ ਕੀਤੇ ਗਏ ਹਨ, ਜੋ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਇੱਕ ਵਿਅਕਤੀਗਤ, ਤਣਾਅ-ਮੁਕਤ ਅਤੇ ਅਨੁਕੂਲ ਪ੍ਰੀਖਿਆ ਮਾਹੌਲ ਨੂੰ ਯਕੀਨੀ ਬਣਾਉਂਦੇ ਹਨ। ਹਰਜੋਤ ਸਿੰਘ ਬੈਂਸ ਨੇ ਕਿਹਾ, "ਸਾਡੀ ਸਰਕਾਰ ਸਮਾਵੇਸ਼ੀ ਸਿੱਖਿਆ ਨੂੰ ਮਜ਼ਬੂਤ ਕਰ ਰਹੀ ਹੈ। ਸਾਡਾ ਉਦੇਸ਼ ਸਿਰਫ਼ ਪ੍ਰੀਖਿਆਵਾਂ ਕਰਵਾਉਣ ਤੱਕ ਸੀਮਿਤ ਨਹੀਂ ਹੈ। ਇਹ ਹਰ ਬੱਚੇ ਲਈ ਮਾਣ-ਸਨਮਾਨ ਅਤੇ ਸਮਾਨਤਾ ਨੂੰ ਯਕੀਨੀ ਬਣਾਉਣ ਬਾਰੇ ਹੈ। ਅਸੀਂ ਇੱਕ ਅਜਿਹਾ ਮਾਹੌਲ ਸਿਰਜਣ ਲਈ ਵਚਨਬੱਧ ਹਾਂ ਜਿੱਥੇ ਸਾਡੇ ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀ ਖੁਦ ਨੂੰ ਸਸ਼ਕਤ ਮਹਿਸੂਸ ਕਰਨ।"

ਰਾਈਟਸ ਟੂ ਪਰਸਨਸ ਵਿਦ ਡਿਸਅਬਿਲੀਟੀ ਐਕਟ, 2016 ਦੇ ਉਪਬੰਧਾਂ ਮੁਤਾਬਕ, ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵਿਅਕਤੀਗਤ ਜ਼ਰੂਰਤਾਂ ਅਨੁਸਾਰ ਸਕ੍ਰਾਈਬ ਅਤੇ ਵਾਧੂ ਸਮੇਂ, ਰੈਂਪ ਅਤੇ ਨਿਰਵਿਘਨ ਪਹੁੰਚ ਵਾਲੇ ਗਰਾਊਂਡ-ਫਲੋਰ 'ਤੇ ਸਥਿਤ ਪ੍ਰੀਖਿਆ ਹਾਲ, ਧਿਆਨ ਭਟਕਣ ਨੂੰ ਘੱਟ ਤੋਂ ਘੱਟ ਕਰਨ ਲਈ ਵੱਖਰੇ ਸ਼ਾਂਤ ਕਮਰੇ, ਵੱਡੇ ਪ੍ਰਿੰਟ ਵਾਲੇ ਪ੍ਰਸ਼ਨ ਪੱਤਰ ਤੇ ਹੋਰ ਪਹੁੰਚਯੋਗ ਫਾਰਮੈਟਾਂ ਦੇ ਨਾਲ-ਨਾਲ ਜਿੱਥੇ ਵੀ ਲੋੜ ਹੋਵੇ ਡਾਕਟਰੀ ਸਹਾਇਤਾ ਯਕੀਨੀ ਬਣਾਈ ਗਈ ਹੈ। ਇਸ ਪਹਿਲਕਦਮੀ ਨੂੰ ਇੱਕ ਅਹਿਮ ਮੀਲ ਪੱਥਰ ਦੱਸਦਿਆਂ, ਹਰਜੋਤ ਸਿੰਘ ਬੈਂਸ ਨੇ ਕਿਹਾ, "ਇਹ ਇੱਕ ਨਿਆਂਪੂਰਨ ਅਤੇ ਬਰਾਬਰੀ ਵਾਲਾ ਸਮਾਜ ਸਿਰਜਣ ਵੱਲ ਸਾਡੇ ਉਪਰਾਲਿਆਂ ਵਿੱਚ ਇੱਕ ਅਹਿਮ ਮੀਲ ਪੱਥਰ ਹੈ। ਪੰਜਾਬ ਸਰਕਾਰ ਹਰੇਕ ਵਿਦਿਆਰਥੀ ਨੂੰ ਸਫਲ ਹੋਣ ਲਈ ਲੋੜੀਂਦੇ ਸਾਧਨਾਂ ਅਤੇ ਮੌਕਿਆਂ ਨਾਲ ਸਸ਼ਕਤ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।"

ਪੀਐਸਈਬੀ ਦੇ ਚੇਅਰਮੈਨ ਡਾ. ਅਮਰਪਾਲ ਸਿੰਘ ਨੇ ਕਿਹਾ ਕਿ ਸਾਰੇ ਸੈਂਟਰ ਸੁਪਰਡੈਂਟਾਂ ਤੇ ਸਟਾਫ਼ ਨੂੰ ਆਪਣੀਆਂ ਡਿਊਟੀਆਂ ਪੂਰੀ ਸੰਵੇਦਨਸ਼ੀਲਤਾ ਤੇ ਤਨਦੇਹੀ ਨਾਲ ਨਿਭਾਉਣ ਲਈ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ, "11 ਵਰਗਾਂ ਦੀਆਂ ਅਪੰਗਤਾਵਾਂ ਨੂੰ ਕਵਰ ਕਰਨ ਵਾਲੇ ਇਹਨਾਂ ਵਿਸ਼ੇਸ਼ ਕੇਂਦਰਾਂ ਦਾ ਨੈੱਟਵਰਕ ਪੰਜਾਬ ਸਰਕਾਰ ਦੀ ਸਮਾਵੇਸ਼ੀ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਤੇ ਵਿਦਿਆਰਥੀਆਂ ਨੂੰ ਮਿਆਰੀ ਉਚੇਰੀ ਸਿੱਖਿਆ ਤੇ ਰੁਜ਼ਗਾਰ ਦੇ ਮੌਕੇ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ।"

ਵਪਾਰੀਆਂ ਦੀ ਸੁਰੱਖਿਆ ਤੇ ਵਪਾਰ ਕਰਨ ਵਿੱਚ ਆਸਾਨੀ ਪ੍ਰਤੀ ਭਗਵੰਤ ਮਾਨ ਸਰਕਾਰ ਦੀ ਇਤਿਹਾਸਕ ਵਚਨਬੱਧਤਾ

ਪੰਜਾਬ ਸਰਕਾਰ ਨੇ ਸੁਰੱਖਿਅਤ ਵਪਾਰਕ ਮਾਹੌਲ ਯਕੀਨੀ ਬਣਾਉਣ ਲਈ ਪੁਲਿਸ ਤੇ ਵਪਾਰੀਆਂ ਦੇ ਤਾਲਮੇਲ ਨੂ

ਸੰਪਾਦਕੀ

ਮਜ਼ਬੂਤ ਹੁੰਦੇ ਭਾਰਤ-ਫਰਾਂਸ ਸਬੰਧ

ਭੂ-ਰਾਜਨੀਤਿਕ ਉਥਲ-ਪੁਥਲ ਅਤੇ ਅਨਿਸ਼ਚਿਤਤਾ ਦੇ ਬਦਲਦੇ ਯੁੱਗ ਵਿੱਚ ਭਾਰਤ ਆਰਥਿਕ ਅਤੇ ਰਣਨੀਤਕ ਸਹਿਯੋਗ ਨੂੰ ਵਧਾਉਣ ਲਈ ਵੱਖ-ਵੱਖ ਦੇਸ਼ਾਂ ਨਾਲ ਆਪਣੀ ਭਾਈਵਾਲੀ ਨੂੰ ਵਧਾਉਣ ਲਈ ਅੱਗੇ ਵੱਧ ਰਿਹਾ ਹੈ। ਯੂਕੇ, ਯੂਰਪੀਅਨ ਯੂਨੀਅਨ ਅਤੇ ਅਮਰੀਕਾ ਨਾਲ ਵਪਾਰ ਸਮਝੌਤਿਆਂ ਤੋਂ ਬਾਅਦ ਭਾਰਤ ਨੇ ਹੁਣ ਫਰਾਂਸ ਨਾਲ ਆਪਣੇ ਦੁਵੱਲੇ ਸਬੰਧਾਂ ਨੂੰ ਵਿਸ਼ੇਸ਼ ਗਲੋਬਲ ਰਣਨੀਤਕ ਭਾਈਵਾਲੀ ਵਿੱਚ ਅਪਗ੍ਰੇਡ ਕੀਤਾ ਹੈ। ਇਸ ਸਮਝੌਤੇ ਦੇ ਤਹਿਤ ਦੋਵਾਂ ਦੇਸ਼ਾਂ ਨੇ ਰੱਖਿਆ, ਵਪਾਰ ਅਤੇ ਨਿਵੇਸ਼ ਸਮੇਤ ਕਈ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਨੂੰ ਵਧਾਉਣ ਦਾ ਵਾਅਦਾ ਕੀਤਾ ਹੈ। ਨਰਿੰਦਰ ਮੋਦੀ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਵਿਚਕਾਰ ਮੰਗਲਵਾਰ ਨੂੰ ਮੁੰਬਈ ਵਿੱਚ ਹੋਈ ਗੱਲਬਾਤ ਦੌਰਾਨ ਹੋਈ ਸਹਿਮਤੀ ਤੋਂ ਬਾਅਦ 21 ਸਮਝੌਤਿਆਂ ਨੂੰ ਮਨਜ਼ੂਰੀ ਦਿੱਤੀ ਗਈ। ਇਸ ਸਾਂਝੇਦਾਰੀ ਨੂੰ ਵਿਸ਼ਵਵਿਆਪੀ ਸਥਿਰਤਾ ਅਤੇ ਰਣਨੀਤਕ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਹ ਨਾ ਸਿਰਫ਼ ਦੁਵੱਲੇ ਵਪਾਰ ਅਤੇ ਆਧੁਨਿਕ ਤਕਨਾਲੋਜੀ ਦੇ ਆਦਾਨ-ਪ੍ਰਦਾਨ ਲਈ ਨਵੇਂ ਰਸਤੇ ਖੋਲ੍ਹੇਗਾ, ਸਗੋਂ ਰੱਖਿਆ ਮੋਰਚੇ 'ਤੇ ਭਾਰਤ ਦੀ ਸਥਿਤੀ ਨੂੰ ਵੀ ਮਜ਼ਬੂਤ ਕਰੇਗਾ। ਹਾਲ ਹੀ ਵਿੱਚ ਭਾਰਤ ਨੇ ਯੂਕੇ ਅਤੇ ਓਮਾਨ ਨਾਲ ਵਪਾਰ ਸਮਝੌਤਿਆਂ 'ਤੇ ਦਸਤਖਤ ਕੀਤੇ। ਇਸ ਤੋਂ ਬਾਅਦ ਨਿਊਜ਼ੀਲੈਂਡ ਅਤੇ ਯੂਰਪੀਅਨ ਯੂਨੀਅਨ ਨਾਲ ਮੁਕਤ ਵਪਾਰ ਸਮਝੌਤਿਆਂ ਨੂੰ ਅੰਤਿਮ ਰੂਪ ਦਿੱਤਾ ਗਿਆ। ਹਾਲ ਹੀ ਵਿੱਚ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਵਿਚਕਾਰ ਇੱਕ ਅੰਤਰਿਮ ਵਪਾਰ ਸਮਝੌਤੇ ਦਾ ਐਲਾਨ ਕੀਤਾ ਗਿਆ ਸੀ, ਜਿਸਦੇ ਨਤੀਜੇ ਵਜੋਂ ਅਮਰੀਕਾ ਨੇ ਭਾਰਤ 'ਤੇ ਲਗਾਏ ਗਏ 50% ਟੈਰਿਫ ਨੂੰ ਘਟਾ ਕੇ 18% ਕਰ ਦਿੱਤਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤ 'ਤੇ ਲਗਾਏ ਗਏ ਭਾਰੀ ਅਮਰੀਕੀ ਟੈਰਿਫਾਂ ਕਾਰਨ ਦੇਸ਼ ਦਾ ਨਿਰਯਾਤ ਕਾਰੋਬਾਰ ਪ੍ਰਭਾਵਿਤ ਹੋਇਆ ਸੀ। ਇਸ ਸੰਕਟ ਨੂੰ ਹੱਲ ਕਰਨ ਲਈ ਭਾਰਤ ਨੇ ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਵਿੱਚ ਆਪਣੇ ਉਤਪਾਦਾਂ ਲਈ ਵਿਕਲਪਕ ਬਜ਼ਾਰ ਲੱਭਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਅਤੇ ਇਸ ਦੇ ਵਪਾਰਕ ਸਮਝੌਤਿਆਂ ਦੇ ਰੂਪ ਵਿੱਚ ਸਫਲ ਨਤੀਜੇ ਸਾਹਮਣੇ ਆਏ ਹਨ। ਹੁਣ, ਫਰਾਂਸ ਨਾਲ ਇੱਕ ਵਿਸ਼ੇਸ਼ ਗਲੋਬਲ ਰਣਨੀਤਕ ਭਾਈਵਾਲੀ ਵਪਾਰ, ਤਕਨਾਲੋਜੀ ਅਤੇ ਰੱਖਿਆ ਖੇਤਰਾਂ ਵਿੱਚ ਭਾਰਤ ਦੀ ਮਜ਼ਬੂਤੀ ਦੀ ਸੰਭਾਵਨਾ ਨੂੰ ਹੋਰ ਮਜ਼ਬੂਤ ਕਰੇਗੀ। ਭਾਰਤ ਅਤੇ ਫਰਾਂਸ ਨੇ ਆਪਸੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਇੱਕ ਵਿਸ਼ੇਸ਼ ਸਮਝੌਤੇ 'ਤੇ ਹਸਤਾਖਰ ਕੀਤੇ ਹਨ, ਜਿਸ ਨਾਲ ਦੋਵਾਂ ਦੇਸ਼ਾਂ ਦੇ ਨਾਗਰਿਕਾਂ ਅਤੇ ਕੰਪਨੀਆਂ ਨੂੰ ਦੋਹਰੇ ਟੈਕਸ ਅਦਾ ਕਰਨ ਦੀ ਜ਼ਰੂਰਤ ਖਤਮ ਹੋ ਜਾਵੇਗੀ। ਇਹ ਦੁਵੱਲੇ ਵਪਾਰ, ਨਿਵੇਸ਼ ਅਤੇ ਆਵਾਜਾਈ ਨੂੰ ਇੱਕ ਨਵਾਂ ਹੁਲਾਰਾ ਪ੍ਰਦਾਨ ਕਰੇਗਾ। ਇਹ ਧਿਆਨ ਦੇਣ ਯੋਗ ਹੈ ਕਿ ਫਰਾਂਸੀਸੀ ਸਹਾਇਤਾ ਨਾਲ, ਕਰਨਾਟਕ ਦੇ ਵੇਮਗਲ ਵਿੱਚ ਏਅਰਬੱਸ ਐਚ-125 ਹੈਲੀਕਾਪਟਰਾਂ ਦੇ ਉਤਪਾਦਨ ਲਈ ਇੱਕ ਕੰਪੋਨੈਂਟ ਅਸੈਂਬਲੀ ਪਲਾਂਟ ਸਥਾਪਤ ਕੀਤਾ ਗਿਆ ਹੈ, ਜਿੱਥੇ ਹੁਣ ਕੰਮ ਸ਼ੁਰੂ ਹੋ ਗਿਆ ਹੈ। ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਹੈਲੀਕਾਪਟਰ ਇੱਥੇ ਤਿਆਰ ਕੀਤਾ ਜਾਵੇਗਾ, ਜੋ ਦੁਨੀਆਂ ਦੀ ਸਭ ਤੋਂ ਉੱਚੀ ਪਹਾੜੀ ਚੋਟੀ ਮਾਊਂਟ ਐਵਰੈਸਟ ਜਿੰਨੀ ਉੱਚੀ ਉਡਾਣ ਭਰਨ ਦੇ ਸਮਰੱਥ ਹੈ। ਦੁਵੱਲੇ ਰੱਖਿਆ ਸਹਿਯੋਗ ਨੂੰ ਵਧਾਉਣ ਲਈ ਭਾਰਤ ਅਤੇ ਫਰਾਂਸ ਨੇ ਹੈਮਰ ਮਿਜ਼ਾਈਲਾਂ ਦੇ ਉਤਪਾਦਨ 'ਤੇ ਇੱਕ ਮਹੱਤਵਪੂਰਨ ਸਮਝੌਤੇ 'ਤੇ ਵੀ ਹਸਤਾਖਰ ਕੀਤੇ ਹਨ। ਇਸ ਸਮਝੌਤੇ ਤਹਿਤ, ਭਾਰਤ ਇਲੈਕਟਰਾਨਿਕਸ ਲਿਮਟਿਡ ਅਤੇ ਫਰਾਂਸੀਸੀ ਰੱਖਿਆ ਕੰਪਨੀ ਸਫਰਾਨ ਇੱਕ ਸਾਂਝਾ ਉੱਦਮ ਸਥਾਪਤ ਕਰਨਗੇ। ਫਰਾਂਸ ਭਾਰਤ ਦੇ ਸਭ ਤੋਂ ਪੁਰਾਣੇ ਰਣਨੀਤਕ ਭਾਈਵਾਲਾਂ ਵਿੱਚੋਂ ਇੱਕ ਹੈ ਅਤੇ ਹੁਣ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਦਾ ਇੱਕ ਨਵਾਂ ਅਧਿਆਇ ਸ਼ੁਰੂ ਹੋ ਰਿਹਾ ਹੈ। ਵਿਸ਼ੇਸ਼ ਗਲੋਬਲ ਰਣਨੀਤਕ ਭਾਈਵਾਲੀ ਪਹਿਲਕਦਮੀ ਫਰਾਂਸ ਦੀ ਮੁਹਾਰਤ ਅਤੇ ਭਾਰਤ ਦੀਆਂ ਵਿਸ਼ਾਲ ਸਮਰੱਥਾਵਾਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕਰਦੀ ਹੈ ਅਤੇ ਇਹ ਬਿਨਾਂ ਸ਼ੱਕ ਭਾਰਤ ਦੀ ਨਿਰਮਾਣ ਅਤੇ ਨਿਰਯਾਤ ਸਮਰੱਥਾਵਾਂ ਨੂੰ ਵਧਾਏਗਾ। ਭਾਰਤ ਦੇ ਦੌਰੇ 'ਤੇ ਆਏ ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਮੁੰਬਈ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਦੋਵਾਂ ਨੇਤਾਵਾਂ ਨੇ ਇੱਕ ਸਾਂਝੀ ਪ੍ਰੈਸ ਕਾਨਫਰੰਸ ਵੀ ਕੀਤੀ। ਫਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨਾਲ ਆਪਣੀ ਗੱਲਬਾਤ ਅਤੇ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਹੁਣ ਮਾਊਂਟ ਐਵਰੈਸਟ ਜਿੰਨੀ ਉੱਚੀ ਉਡਾਣ ਭਰਨ ਦੇ ਸਮਰੱਥ ਹੈਲੀਕਾਪਟਰ ਬਣਾਏ ਜਾਣਗੇ।

-ਜਗਜੀਤ ਸਿੰਘ ਦਰਦੀ

ਭਾਰਤ ਵਿੱਚ ਏਆਈ ਸਮਿਟ-2026 ਨੇ ਦੁਨੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ

ਨਵੀਂ ਦੁਨੀਆਂ ਵਿੱਚ ਵਿਕਸਿਤ ਭਾਰਤ ਏਆਈ ਟੇਕ ਦੇ ਨਾਲ ਦੁਨੀਆਂ ਦਾ ਗਾਈਟੈਕ ਏਆਈ ਹੱਬ ਹੋਵੇਗਾ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਦਿੱਲੀ ਵਿੱਚ ਚੱਲ ਰਹੇ ਏ ਆਈ ਸਮਿਟ 2026 ਵਿੱਚ ਭਾਰਤ ਨੇ ਆਪਣਾ ਜਲਵਾ ਦਿਖਾਇਆ ਹੈ। ਭਾਰਤ ਵਿੱਚ ਏਆਈ (ਆਰਟੀਫਿਸ਼ੀਅਲ ਇੰਟੈਲੀਜੈਂਸ) ਦਾ ਭਵਿੱਖ ਅਤੇ ਆਉਣ ਵਾਲੇ ਦਹਾਕਿਆਂ ਵਿੱਚ ਇਸ ਦੇਸ਼ ਨੂੰ ਦੁਨੀਆਂ ਦੇ ਹਾਈ-ਟੈਕ ਲੀਡਰ ਵਜੋਂ ਸਥਾਪਿਤ ਕਰਨ ਦੀ ਸੰਭਾਵਨਾ ਅੱਜ ਬਹੁਤ ਸਪੱਸ਼ਟ ਹੋ ਚੁੱਕੀ ਹੈ।

India AI Impact Summit 2026 ਨੇ ਇਸ ਨੂੰ ਵਿਸ਼ਵ ਪੱਧਰ 'ਤੇ ਪ੍ਰਮਾਣਿਤ ਕਰ ਦਿੱਤਾ ਹੈ। ਇਹ ਸਮੇਲਨ ਨਾ ਸਿਰਫ਼ ਏਆਈ ਦੀ ਤਕਨੀਕੀ ਤਰੱਕੀ ਨੂੰ ਦਿਖਾਉਂਦਾ ਹੈ ਬਲਕਿ ਭਾਰਤ ਨੂੰ ਏਆਈ ਵਿੱਚ ਅਗਵਾਈ ਕਰਨ ਵਾਲੇ ਦੇਸ਼ ਵਜੋਂ ਪੇਸ਼ ਕਰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਣ ਵਿੱਚ ਸਪੱਸ਼ਟ ਕਿਹਾ ਕਿ ਭਾਰਤ ਨੂੰ 2047 ਤੱਕ ਦੁਨੀਆਂ ਦੇ ਟਾਪ ਤਿੰਨ ਏਆਈ ਸੁਪਰ ਪਾਵਰ ਵਿੱਚੋਂ ਇੱਕ ਬਣਨਾ ਚਾਹੀਦਾ ਹੈ - ਨਾ ਸਿਰਫ਼ ਏਆਈ ਨੂੰ ਵਰਤਣ ਵਾਲੇ ਦੇਸ਼ ਵਜੋਂ ਬਲਕਿ ਏਆਈ ਬਣਾਉਣ ਅਤੇ ਡਿਜ਼ਾਈਨ ਕਰਨ ਵਾਲੇ ਦੇਸ਼ ਵਜੋਂ।

ਭਾਰਤ ਦਾ ਇਹ ਵਿਜ਼ਨ Viksit Bharat 02047 ਨਾਲ ਜੁੜਿਆ ਹੋਇਆ ਹੈ ਜਿੱਥੇ ਏਆਈ ਨੂੰ ਆਰਥਿਕ ਵਿਕਾਸ, ਸਮਾਜਿਕ ਸਮਾਨਤਾ ਅਤੇ ਮਨੁੱਖੀ ਕਲਿਆਣ ਦਾ ਮੁੱਖ ਸਾਧਨ ਬਣਾਇਆ ਜਾਵੇਗਾ। ਭਾਰਤੀ ਏਆਈ ਸਟਾਰਟਅੱਪਸ ਅੱਜ ਦੁਨੀਆਂ ਵਿੱਚ ਤੇਜ਼ੀ ਨਾਲ ਉਭਰ ਰਹੇ ਹਨ ਅਤੇ ਇਹਨਾਂ ਨੇ ਭਾਰਤ ਨੂੰ ਸੋਵਰੇਨ ਏਆਈ (ਰਾਸ਼ਟਰੀ ਏਆਈ) ਦੇ ਖੇਤਰ ਵਿੱਚ ਅੱਗੇ ਵਧਾਇਆ ਹੈ। Krutrim (ਓਲਾ ਦੇ ਫਾਊਂਡਰ ਭਵਿਸ਼ ਅੱਗਰਵਾਲ ਵੱਲੋਂ ਸਥਾਪਿਤ) ਭਾਰਤ ਦਾ ਪਹਿਲਾ ਏਆਈ ਯੂਨੀਕਾਰਨ ਬਣ ਚੁੱਕਾ ਹੈ, ਜਿਸ ਨੇ ਸਿਰਫ਼ £50 ਮਿਲੀਅਨ ਫੰਡਿੰਗ ਨਾਲ £1 ਬਿਲੀਅਨ ਵੈਲਿਊਏਸ਼ਨ ਹਾਸਲ ਕੀਤੀ ਹੈ।

ਅੱਜ ਇਹ ਭਾਰਤੀ ਭਾਸ਼ਾਵਾਂ ਅਤੇ ਅੰਗਰੇਜ਼ੀ 'ਤੇ ਅਧਾਰਿਤ ਲਾਰਜ ਲੈਂਗੂਏਜ ਮਾਡਲ ਬਣਾ ਰਿਹਾ ਹੈ। Sarvam 19 ਨੇ ਭਾਰਤੀ ਭਾਸ਼ਾਵਾਂ ਲਈ ਮਲਟੀਲਿੰਗੂਅਲ ਮਾਡਲਸ ਅਤੇ ਵੌਇਸ ਏਜੰਟਸ ਬਣਾਏ ਹਨ, ਜਿਸ ਨੇ 11 ਭਾਸ਼ਾਵਾਂ ਵਿੱਚ ਸਮਰਥਨ ਵਾਲੇ Sarvam Samvaad ਵਰਗੇ ਟੂਲਸ ਲਾਂਚ ਕੀਤੇ ਹਨ। ਇਸ ਨੂੰ Lightspeed, Peak XV ਅਤੇ Khosla Ventures ਵਰਗੇ ਵੱਡੇ ਇਨਵੈਸਟਰਾਂ ਤੋਂ £41 ਮਿਲੀਅਨ ਫੰਡਿੰਗ ਮਿਲ ਚੁੱਕੀ ਹੈ। ਸਰਕਾਰੀ IndiaAI Mission ਅਧੀਨ 12 ਵੱਡੇ ਸਟਾਰਟਅੱਪਸ ਨੂੰ ਚੁਣਿਆ ਗਿਆ ਹੈ ਜੋ ਭਾਰਤੀ ਡੇਟਾ 'ਤੇ ਟਰੇਨ ਕੀਤੇ ਗਏ ਇੰਡੀਜੀਨਸ ਫਾਊਂਡੇਸ਼ਨ ਮਾਡਲਸ ਬਣਾ ਰਹੇ ਹਨ। ਇਹਨਾਂ ਵਿੱਚ Sarvam AI ਤੋਂ ਇਲਾਵਾ BharatGen, Soket AI Labs, Gnani.ai, Shodh AI ਅਤੇ ਹੋਰ ਸ਼ਾਮਲ ਹਨ।

ਅੱਜ ਇਹ ਸਾਰੇ ਸਟਾਰਟਅੱਪਸ ਭਾਰਤੀ ਭਾਸ਼ਾਵਾਂ, ਸਭਿਆਚਾਰ ਅਤੇ ਸਥਾਨਕ ਚੁਣੌਤੀਆਂ ਨੂੰ ਸਮਝਦੇ ਮਾਡਲਸ ਬਣਾ ਰਹੇ ਹਨ ਜੋ ਗਲੋਬਲ ਸਾਊਥ ਲਈ ਵੀ ਉਪਯੋਗੀ ਹਨ। ਉਦਾਹਰਨ ਵਜੋਂ, Gnani.ai ਨੇ 1 ਮਿਲੀਅਨ ਤੋਂ ਵੱਧ ਘੰਟਿਆਂ ਦੇ ਡੇਟਾ 'ਤੇ ਟਰੇਨ ਕੀਤਾ Vachana STT (ਸਪੀਚ-ਟੂ-ਟੈਕਸਟ) ਮਾਡਲ ਬਣਾਇਆ ਹੈ ਜੋ ਬੈਂਕਿੰਗ ਅਤੇ ਟੈਲੀਕਾਮ ਵਿੱਚ ਵਰਤਿਆ ਜਾ ਰਿਹਾ ਹੈ। ਸਮੇਲਨ ਵਿੱਚ ਵੱਡੇ ਐਲਾਨ ਹੋਏ ਜਿਨ੍ਹਾਂ ਨੇ ਭਾਰਤੀ ਏਆਈ ਇਕੋਸਿਸਟਮ ਨੂੰ ਬੂਸਟ ਦਿੱਤਾ। ਸਮਿਟ ਵਿੱਚ ਯੂਨੀਅਨ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਐਲਾਨ ਕੀਤਾ ਕਿ IndiaAI Mission 2.0 ਅਧੀਨ ਹੁਣ 38,000 GPUs ਤੋਂ ਵੱਧ ਕੇ 58,000 ਤੋਂ ਵੱਧ GPUs ਤੱਕ ਪਹੁੰਚ ਜਾਣਗੇ, ਜਿਨ੍ਹਾਂ ਵਿੱਚੋਂ 20,000 ਨਵੇਂ GPUs ਜਲਦੀ ਆਉਣਗੇ। ਇਹ GPUs ਸਟਾਰਟਅੱਪਸ ਅਤੇ ਰਿਸਰਚਰਸ ਲਈ FE ਪ੍ਰਤੀ ਘੰਟਾ (ਲਗਭਗ £0.75) 'ਤੇ ਉਪਲਬਧ ਹਨ, ਜੋ ਗਲੋਬਲ ਕੀਮਤਾਂ ਨਾਲੋਂ ਤਿੰਨ ਗੁਣਾ ਸਸਤਾ ਹੈ। ਇਸ ਨਾਲ ਭਾਰਤੀ ਸਟਾਰਟਅੱਪਸ ਨੂੰ ਵੱਡੇ ਮਾਡਲਸ ਟਰੇਨ ਕਰਨ ਲਈ ਕੰਪਿਊਟ ਪਾਵਰ ਮਿਲ ਰਹੀ ਹੈ। ਇਨਵੈਸਟਮੈਂਟਸ ਵਿੱਚ ਵੀ ਵੱਡੀ ਤੇਜ਼ੀ ਆਈ ਹੈ। ਅਗਲੇ ਦੋ ਸਾਲਾਂ ਵਿੱਚ £200 ਬਿਲੀਅਨ ਤੋਂ ਵੱਧ ਦੇ ਏਆਈ ਇਨਫਰਾਸਟ੍ਰਕਚਰ ਇਨਵੈਸਟਮੈਂਟਸ ਦੀ ਉਮੀਦ ਹੈ। ਗੂਗਲ ਨੇ £15 ਬਿਲੀਅਨ, ਮਾਈਕ੍ਰੋਸਾਫਟ ਨੇ £17.5 ਬਿਲੀਅਨ ਅਤੇਡ ਐਮਾਜ਼ਾਨ ਨੇ £35 ਬਿਲੀਅਨ (ਕੁੱਲ £75 ਬਿਲੀਅਨ ਤੱਕ) ਦੇ ਇਨਵੈਸਟਮੈਂਟਸ ਦਾ ਐਲਾਨ ਕੀਤਾ ਹੈ।

ਅੱਜ ਰਿਲਾਇੰਸ ਅਤੇ ਅਡਾਨੀ ਵਰਗੇ ਭਾਰਤੀ ਗਰੁੱਪਸ ਨੇ ਵੀ ਵੱਡੇ ਡੇਟਾ ਸੈਂਟਰਸ ਅਤੇ ਏਆਈ ਇਨਫਰਾਸਟ੍ਰਕਚਰ ਲਈ ਅਰਬਾਂ ਡਾਲਰਾਂ ਦੇ ਪ੍ਰੋਜੈਕਟਸ ਐਲਾਨੇ ਹਨ। Qualcomm ਨੇ £150 ਮਿਲੀਅਨ ਭਾਰਤੀ ਏਆਈ ਸਟਾਰਟਅੱਪਸ ਵਿੱਚ ਇਨਵੈਸਟ ਕਰਨ ਅਤੇ Sarvam AI ਨਾਲ ਪਾਰਟਨਰਸ਼ਿਪ ਕੀਤੀ ਹੈ। ਭਵਿੱਖ ਵਿੱਚ ਭਾਰਤ ਦੀ ਅਗਵਾਈ ਕਿਵੇਂ ਹੋਵੇਗੀ? 2030 ਤੱਕ ਏਆਈ ਨਾਲ ਭਾਰਤ ਦੀ ਆਰਥਿਕਤਾ ਵਿੱਚ £500-600 ਬਿਲੀਅਨ ਦਾ ਵਾਧਾ ਹੋਸਕਦਾ ਹੈ।

ਅੱਜ ਏਆਈ ਸਾਫਟਵੇਅਰ ਅਤੇ ਸਰਵਿਸਿਜ਼ ਵਿੱਚ ਭਾਰਤ ਗਲੋਬਲ ਲੀਡਰ ਬਣ ਸਕਦਾ ਹੈ। ਹੈਲਥਕੇਅਰ ਵਿੱਚ ਏਆਈ ਨਾਲ ਰੂਰਲ ਏਰੀਆਜ਼ ਵਿੱਚ ਅਰਲੀ ਡਿਜੀਜ਼ ਡਿਟੈਕਸ਼ਨ, ਐਗਰੀਕਲਚਰ ਵਿੱਚ ਪ੍ਰੈਡਿਕਟਿਵ ਮਾਡਲਸ ਅਤੇ ਐਜੂਕੇਸ਼ਨ ਵਿੱਚ ਪਰਸਨਲਾਈਜ਼ਡ ਲਰਨਿੰਗ ਵਧੇਗੀ।

ਭਾਰਤੀ ਏਆਈ ਮਾਡਲਸ 22+ ਭਾਸ਼ਾਵਾਂ ਵਿੱਚ ਕੰਮ ਕਰਨਗੇ ਅਤੇ ਗਲੋਬਲ ਸਾਊਥ ਦੇ ਦੇਸ਼ਾਂ ਲਈ ਮਾਡਲ ਬਣਨਗੇ। 2047 ਤੱਕ ਭਾਰਤ ਦਾ ਵਿਜ਼ਨ ਏਆਈ ਨੂੰ MANAV ਵਿਜ਼ਨ ਨਾਲ ਜੋੜਦਾ ਹੈ – Moral & Ethical, Accountable, National Sovereignty, Accessible & Inclusive, Valid & Legitimate¢ ਇਹ ਵਿਜ਼ਨ ਏਆਈ ਨੂੰ ਮਨੁੱਖ ਕੇਂਦਰਿਤ ਬਣਾਉਂਦਾ ਹੈ ਅਤੇ ਡਰ ਨਹੀਂ ਬਲਕਿ ਅਵਸਰ ਵਜੋਂ ਵੇਖਦਾ ਹੈ। ਏਆਈ ਨਾਲ ਨਵੇਂ ਰੋਜ਼ਗਾਰ ਪੈਦਾ ਹੋਣਗੇ - ਏਆਈ ਡਿਵੈਲਪਰਸ, ਡੇਟਾ ਸਾਇੰਟਿਸਟਸ, ਏਥਿਕਸ ਐਕਸਪਰਟਸ ਅਤੇ ਹੋਰ ਫੀਲਡਸ ਵਿੱਚ ਲੱਖਾਂ ਨੌਕਰੀਆਂ। ਭਾਰਤ ਦੇ ਯੁਵਾ ਟੈਲੈਂਟ (650,000 ਤੋਂ 1.25 ਮਿਲੀਅਨ ਏਆਈ ਟੈਲੈਂਟ 2027 ਤੱਕ) ਅਤੇ ਸਟਾਰਟਅੱਪਸ ਇਸ ਨੂੰ ਸੰਭਵ ਬਣਾਉਣਗੇ।

ਇਸ ਸਮੇਲਨ ਵਿੱਚ ਸੈਮ ਆਲਟਮੈਨ ਨੇ ਕਿਹਾ ਕਿ ਭਾਰਤ ਵਿੱਚ ਹਫ਼ਤੇ ਵਿੱਚ 100 ਮਿਲੀਅਨ ਤੋਂ ਵੱਧ ਲੋਕ ChatGPT ਵਰਤਦੇ ਹਨ ਅਤੇ ਭਾਰਤ ਦੂਜਾ ਸਭ ਤੋਂ ਵੱਡਾ ਯੂਜ਼ਰ ਬੇਸ ਹੈ। ਸੁੰਦਰ ਪਿਚਾਈ ਨੇ ਭਾਰਤ ਨੂੰ ਏਆਈ ਹੱਬ ਬਣਾਉਣ ਲਈ £15 ਬਿਲੀਅਨ ਦਾ ਐਲਾਨ ਕੀਤਾ। ਐਮੈਨੂਅਲ ਮੈਕਰੋਂ ਅਤੇ ਐਂਤੋਨੀਓ ਗੁਟੇਰੇਸ ਨੇ ਵੀ ਭਾਰਤ ਦੀ ਇਨਕਲੂਸਿਵ ਅਪ੍ਰੋਚ ਨੂੰ ਸਲਾਹਿਆ। ਭਾਰਤ ਨੇ ਏਆਈ ਨੂੰ ਗਲੋਬਲ ਪਬਲਿਕ ਗੁੱਡ ਵਜੋਂ ਪੇਸ਼ ਕੀਤਾ ਅਤੇ ਗਰੀਬ ਦੇਸ਼ਾਂ ਲਈ ਐਕਸੈੱਸ ਬਣਾਉਣ 'ਤੇ ਜ਼ੋਰ ਦਿੱਤਾ।

ਅੱਜ ਇਹ ਅਗਵਾਈ ਭਾਰਤ ਨੂੰ ਅਮਰੀਕਾ ਅਤੇ ਚੀਨ ਤੋਂ ਵੱਖਰਾ ਬਣਾਉਂਦੀ ਹੈ ਜਿੱਥੇ ਏਆਈ ਵਪਾਰਕ ਅਤੇ ਪਾਵਰ ਫੋਕਸਡ ਹੈ, ਪਰ ਭਾਰਤ ਵਿੱਚ ਇਹ ਮਨੁੱਖੀ ਕਲਿਆਣ ਅਤੇ ਸਮਾਨਤਾ ਲਈ ਹੈ। ਆਉਣ ਵਾਲੇ ਦਿਨਾਂ ਵਿੱਚ ਭਾਰਤੀ ਏਆਈ ਸਟਾਰਟਅੱਪਸ ਵਧੇਰੇ ਯੂਨੀਕਾਰਨਸ ਅਤੇ ਡੈਕਾਕਾਰਨਸ ਬਣਾਉਣਗੇ। ਏਆਈ ਨਾਲ ਭਾਰਤ ਦੀ GDP ਵਿੱਚ ਵੱਡਾ ਵਾਧਾ ਹੋਵੇਗਾ ਅਤੇ ਦੁਨੀਆਂ ਨੂੰ ਏਆਈ ਸਲੂਸ਼ਨਸ ਐਕਸਪੋਰਟ ਕਰੇਗਾ। ਹੁਣ ਇਹ ਨਾ ਸਿਰਫ਼ ਤਕਨੀਕੀ ਕ੍ਰਾਂਤੀ ਹੈ ਬਲਕਿ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਵਾਲੀ ਕ੍ਰਾਂਤੀ ਹੈ। ਭਾਰਤ ਵਿੱਚ ਚੱਲ ਰਹੇ India AI Impact Summit 2026 ਨੇ ਪੂਰੀ ਦੁਨੀਆਂ ਨੂੰ ਏਆਈ (ਆਰਟੀਫਿਸ਼ੀਅਲ ਇੰਟੈਲੀਜੈਂਸ) ਦੀ ਅਸਲੀ ਤਾਕਤ ਅਤੇ ਇਸ ਨੂੰ ਮਨੁੱਖੀ ਕਲਿਆਣ ਨਾਲ ਜੋੜਨ ਦੀ ਭਾਰਤੀ ਵਿਚਾਰਧਾਰਾ ਨੂੰ ਦਿਖਾਇਆ ਹੈ। ਇਹ ਸਮੇਲਨ ਨਾ ਸਿਰਫ਼ ਤਕਨੀਕੀ ਗੱਲਬਾਤ ਹੈ ਬਲਕਿ ਏਆਈ ਨੂੰ ਵੱਖ-ਵੱਖ ਖੇਤਰਾਂ ਵਿੱਚ ਲਾਗੂ ਕਰਕੇ ਸਮਾਜਿਕ ਤਬਦੀਲੀ ਲਿਆਉਣ ਦਾ ਪ੍ਰਦਰਸ਼ਨ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਣ ਵਿੱਚ M.A.N.A.V. ਵਿਜ਼ਨ ਪੇਸ਼ ਕੀਤਾ, ਜੋ ਏਆਈ ਨੂੰ ਨੈਤਿਕ, ਜਵਾਬਦੇਹ, ਰਾਸ਼ਟਰੀ ਸੰਪ੍ਰਭੁਤਾ ਵਾਲਾ, ਸੱਖਾ ਅਤੇ ਸਮਾਵੇਸ਼ੀ ਬਣਾਉਂਦਾ ਹੈ। ਇਹ ਵਿਜ਼ਨ ਭਾਰਤ ਨੂੰ ਅਮਰੀਕਾ ਅਤੇ ਚੀਨ ਵਰਗੇ ਦੇਸ਼ਾਂ ਤੋਂ ਵੱਖਰਾ

ਨਨਕਾਣਾ ਸਾਹਿਬ ਦਾ ਖ਼ੂਨੀ ਸਾਕਾ

ਜਨਾਬ ਬਸ਼ੀਰ ਮੁਹੰਮਦ

ਖ਼ੂਨੀ ਸ਼ਬਦ ਹੀ ਅਜਿਹਾ ਹੈ ਜਿਸ ਨੂੰ ਸੁਣ ਕੇ ਮਨੁੱਖ ਦੇ ਦਿਮਾਗ @ਚ ਗੰਡਾਸੇ, ਤਲਵਾਰਾਂ, ਰਾਈਫਲਾਂ ਦੇ ਭੁੱਲ੍ਹੇ ਖ਼ੂਨ ਦੀ ਤਸਵੀਰ ਆ ਜਾਂਦੀ ਹੈ ਜਿਸ ਨੂੰ ਸਾਧੂ-ਜਨ ਚੰਗਾ ਨਹੀਂ ਸਮਝਦਾ। ਅੰਗਰੇਜ਼ਾਂ ਦੀ ਸਾਜ਼ਿਸ਼ ਨਾਲ ਪੰਜਾਬ ਦੇ ਸਾਰੇ ਗੁਰਦੁਆਰਾ ਸਾਹਿਬਾਨ @ਤੇ ਕਬਜ਼ਾ ਮਹੰਤਾਂ ਦਾ ਹੋ ਗਿਆ। ਮਹੰਤ ਕਬਜ਼ਾ ਕਰਨ ਤੋਂ ਕੁਝ ਸਮਾਂ ਬਾਅਦ ਤਕ ਹੀ ਠੀਕ ਰਹੇ। ਬਾਅਦ ਵਿਚ ਗੁਰੂ ਸਾਹਿਬ ਦੀ ਹਾਜ਼ਰੀ ਵਿਚ ਵੀ ਕੁਰਹਿਤਾਂ ਕਰਨੋਂ ਨਾ ਟਲੇ ਸਗੋਂ ਅੰਗਰੇਜ਼ ਸਰਕਾਰ ਦੀ ਸ਼ਹਿ @ਤੇ ਹੋਰ ਵਧ ਗਏ, ਬਜਰ ਕੁਰਹਿਤਾਂ ਹੁੰਦੀਆਂ। ਗੁਰਦੁਆਰੇ ਨਹੀਂ ਜਿਵੇਂ ਕਲੱਬ ਹਾਲ ਹੋਣ। ਅਕਾਲੀ ਸਿੰਘ, ਇਨ੍ਹਾਂ ਮਹੰਤਾਂ ਕੋਲੋਂ ਗੁਰਦੁਆਰੇ ਤੇ ਅੰਗਰੇਜ਼ਾਂ ਕੋਲੋਂ ਦੇਸ਼ ਅਜ਼ਾਦ ਕਰਾਉਣ ਦਾ ਸੰਘਰਸ਼ ਤੋਰੀ ਬੈਠੇ ਸਨ। ਅਕਾਲੀਆਂ ਨੂੰ ਅੰਗਰੇਜ਼ ਖ਼ਤਮ ਕਰਨਾ ਚਾਹੁੰਦੇ ਸੀ। ਉਧਰ ਅਕਾਲੀਆਂ ਦਾ ਵਿਭਚਾਰੀ ਮਹੰਤਾਂ ਨਾਲ ਵੀ ਵੈਰ ਪਿਆ ਸੀ। ਅੰਗਰੇਜ਼ਾਂ ਨੇ ਦੋਗਲੀ ਨੀਤੀ ਚਲਾਈ। ਉਹ ਅਕਾਲੀਆਂ ਨੂੰ ਮਹੰਤਾਂ ਰਾਹੀਂ ਖ਼ਤਮ ਕਰਵਾਉਣਾ ਚਾਹੁੰਦੇ ਸੀ। ਆਪ ਪਿੱਛੇ ਹਟ ਕੇ ਮਹੰਤਾਂ ਨੂੰ ਮਦਦ ਦੇ ਰਹੇ ਸਨ। ਅਕਾਲੀਆਂ ਨੇ ਮਹੰਤਾਂ ਤੋਂ ਗੁਰੂ-ਘਰ ਮੁਕਤ ਕਰਾਉਣ ਲਈ ਜਥੇ ਤੋਰਨ ਦੀ ਤਿਆਰੀ ਕਰ ਲਈ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ-ਅਸਥਾਨ @ਤੇ ਮਹੰਤ ਨਰੈਣ ਦਾਸ ਦਾ ਕਬਜ਼ਾ ਸੀ। ਨਰੈਣ ਦਾਸ ਸੰਗਤ ਦੀ ਸ਼ਰਧਾ ਦਾ ਚੜ੍ਹਾਵਾ ਖਾ-ਖਾ ਕੇ ਗੁਰੂ-ਘਰ ਪ੍ਰਤੀ ਆਪਣੀ ਸ਼ਰਧਾ ਗੁਆ ਚੁੱਕਾ ਸੀ, ਉਸ ਦੀ ਸ਼ਰਧਾ ਹੀ ਖ਼ਤਮ ਨਹੀਂ ਸੀ ਹੋਈ ਸਗੋਂ ਬਜਰ ਕੁਰਹਿਤੀਆ ਵੀ ਬਣ ਚੁੱਕਾ ਸੀ। ਉਸ ਦਾ ਮਨ ਬੇਈਮਾਨ ਤੇ ਲਾਲਚ ਵੱਸ ਅਪਰਾਧੀ ਹੋ ਗਿਆ। ਇਸ ਮਹਾਨ ਅਸਥਾਨ ਦੀ ਪਵਿੱਤਰਤਾ ਨੂੰ ਭੁੱਲ ਗਿਆ।

੨੧ ਫਰਵਰੀ, ੧੯੨੧ ਈ. ਨੂੰ ਜੋ ਦੁਖਾਂਤ ਵਾਪਰਿਆ ਇਸ ਨੂੰ ਪੜ੍ਹ-ਸੁਣ ਕੇ ਧਾਅ ਨਿਕਲਦੀ ਹੈ। ਅੱਜ ਵੀ ਅਣਖੀ ਸੂਰਬੀਰਾਂ ਦੀਆਂ ਅੱਖਾਂ @ਚ ਖ਼ੂਨ ਉਤਰ ਆਉਂਦਾ ਹੈ। ਇਹ ਕੁਝ ਇਸ ਤਰ੍ਹਾਂ ਹੋਇਆ ਕਿ ਮਹੰਤ ਨਰੈਣ ਦਾਸ ਕਰਤਾ-ਧਰਤਾ ਨਨਕਾਣਾ ਸਾਹਿਬ, ਗੁਰਦੁਆਰਾ ਸਾਹਿਬ ਦੀ ਮਰਯਾਦਾ ਨੂੰ ਜਾਣਦਾ ਹੋਇਆ ਵੀ ਅਣਭੋਲ ਹੋ ਗਿਆ। ਆਪਣੇ ਕਰਿੰਦਿਆਂ ਨਾਲ ਸ਼ਰਾਬ ਦਾ ਦੌਰ ਚਲਾ ਰਿਹਾ ਸੀ ਅੰਗਰੇਜ਼ਾਂ ਦਾ ਪਿੱਠੂ ਸੀ ਜੋ ਹੁਕਮ ਅੰਗਰੇਜ਼ ਅਫ਼ਸਰ ਕਰਦੇ ਸੋ ਕਰਦਾ। ੨੦ ਫਰਵਰੀ, ੧੯੨੧ ਈ. ਨੂੰ ਨਰੈਣ ਦਾਸ ਅਰਾਮ ਕੁਰਸੀ @ਤੇ ਧੁੱਪੇ ਬੈਠਾ ਸੀ, ਤਾਂ ਬਾਹਰਲੇ ਗੇਟ ਰਾਹੀਂ ਦੋ ਆਦਮੀ ਆਏ ਤੇ ਮਹੰਤ ਨੂੰ ਕਹਿਣ ਲੱਗੇ, ÷ਮਹੰਤ ਜੀ! ਕਾਇਮ ਹੋ ਜਾਵੋ। ਕੱਲ੍ਹ ੨੧ ਫਰਵਰੀ ਨੂੰ ਇਸ ਗੁਰਦੁਆਰੇ @ਚੋਂ ਕੱਢਣ ਲਈ ਅਕਾਲੀਆਂ ਦੇ ਜਥੇ ਆ ਰਹੇ ਹਨ।÷ ਮਹੰਤ ਨਰੈਣ ਦਾਸ ਆਪਣੇ ਸਾਥੀ ਮਹੰਤ ਗੁਰਦਿੱਤ ਸਿੰਘ ਨੂੰ ਨਾਲ ਲੈ ਕੇ ਅੰਗਰੇਜ਼ ਅਫ਼ਸਰ ਕੋਲ ਚਲਾ ਗਿਆ। ਜਥੇ ਦੇ ਆਉਣ ਬਾਰੇ ਦੱਸਿਆ। ਅੰਗਰੇਜ਼ ਖੁਸ਼ ਹੋਇਆ। ਇਹੀ ਸਭ ਕੁਝ ਤਾਂ ਉਹ ਚਾਹੁੰਦਾ ਸੀ। ਸਾਰਾ ਸਲਾਹ-ਮਸ਼ਵਰਾ ਕਰ ਕੇ, ਕੁਝ ਭਾੜੇ ਦੇ ਗੁੰਡੇ-ਬਦਮਾਸ਼ ਨਾਲ ਲੈ ਕੇ ਮਹੰਤ ਗੁਰਦਿੱਤ ਸਿੰਘ ਗੁਰਦੁਆਰਾ ਸਾਹਿਬ ਚਲਾ ਗਿਆ। ਮਹੰਤ ਨਰੈਣ ਦਾਸ ਗੋਰੇ ਨਾਲ ਹੋਰ ਪ੍ਰੋਗਰਾਮ ਬਣਾਉਣ ਲੱਗਾ। ਅੰਗਰੇਜ਼ ਕਹਿ ਰਿਹਾ ਸੀ, ÷ਆਜ ਰਾਤ ਕੋ ੫੦ ਲੀਟਰ ਮਿੱਟੀ ਕਾ ਤੇਲ ਔਰ ੫੦ ਕੁਇੰਟਲ ਸੁਕੀ ਲੱਕੜੀ ਤੇ ਹਥਿਆਰਾਂ ਦਾ ਜਖੀਰਾ ਆਪ ਕੇ ਪਾਸ ਪਹੁੰਚ ਜਾਏਗਾ।÷ ਮਹੰਤ ਨਰੈਣ ਦਾਸ ਗੁਰਦੁਆਰਾ ਸਾਹਿਬ ਪਹੁੰਚ ਗਿਆ। ਸਾਰੇ ਬਦਮਾਸ਼, ਕਰਿੰਦੇ ਤੇ ਪਠਾਣ ਕਮਰਿਆਂ @ਚ ਬੰਦ ਸਨ ਤਾਂ ਕਿ ਕਿਸੇ ਨੂੰ ਪਤਾ ਨਾ ਲੱਗ ਜਾਵੇ। ਸਾਰੇ ਸ਼ਰਾਬ ਪੀ ਰਹੇ ਸੀ, ਮੀਟ ਖਾ ਰਹੇ ਸੀ। ਜਦ ਤਕ ਗੋਰੇ ਸਾਮਾਨ ਨਹੀਂ ਛੱਡ ਕੇ ਗਏ, ਉਸ ਸਮੇਂ ਤਕ ਮਹੰਤ ਨਰੈਣ ਦਾਸ ਚੈਨ ਨਾਲ ਨਹੀਂ ਬੈਠਾ। ਜਦੋਂ ਅੰਗਰੇਜ਼ ਅਫ਼ਸਰ ਖੱਚਰ-ਰੇਹੜਿਆਂ @ਤੇ ਲਗਭਗ ੫੦ ਤੇਲ ਦੇ ਪੀਪੇ, ੫੦ ਕੁਇੰਟਲ ਲੱਕੜਾਂ, ਹਥਿਆਰ ਗੋਲੀ-ਸਿੱਕਾ (ਕੁਝ ਤਾਂ ਮਹੰਤ ਕੋਲ ਪਹਿਲਾਂ ਹੀ ਸੀ) ਤੇ ਹੋਰ ਬਹੁਤ ਸਮੱਗਰੀ ਗੋਰਾ ਛੱਡ ਗਿਆ। ਮਹੰਤ ਨਰੈਣ ਦਾਸ ਮਸਤਿਆ ਫਿਰਦਾ ਸੀ। ਉਸ ਨੇ ਸਾਰਾ ਗੋਲੀ-ਸਿੱਕਾ ਤੇ ਹਥਿਆਰ ਚੌਕ ਕੀਤੇ। ਪਾਪੀ ਜ਼ਾਲਮ ਪਾਪ ਕਮਾਉਣ ਦੀਆਂ ਤਿਆਰੀਆਂ ਕਰ ਚੁੱਕਾ ਸੀ। ਇਧਰ ਸ. ਲਛਮਣ ਸਿੰਘ (ਧਾਰੋਵਾਲੀਆ) ਆਪਣੇ ਜਥੇ ਵਿਚ ਸਿੰਘਾਂ ਨੂੰ ਸ਼ਾਮਲ ਕਰ ਰਹੇ ਸੀ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ-ਸਥਾਨ ਮੁਕਤ ਕਰਵਾਉਣ ਲਈ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਆਉਣਾ ਸੀ। ਉਨ੍ਹਾਂ ਨਾਲ ਇਕ ਦਸ ਕੁ ਸਾਲ ਦਾ ਲੜਕਾ ਦਰਬਾਰਾ ਸਿੰਘ ਵੀ ਆਪਣੇ ਬਾਪ ਨਾਲ ਜਥੇ @ਚ ਜਾਣ ਦੀ ਜ਼ਿੱਦ ਕਰ ਰਿਹਾ ਸੀ। ਉਸ ਦੇ ਘਰਦਿਆਂ ਨੇ ਉਸ ਨੂੰ ਨਿਆਣਾ ਹੋਣ ਕਰਕੇ ਰੋਕਿਆ ਪਰ ਉਹ ਨਹੀਂ ਰੁਕਿਆ।

ਮਹੰਤ ਨਰੈਣ ਦਾਸ ਦੇ ਜ਼ਾਲਮ ਗੁੰਡੇ, ਬਦਮਾਸ਼ ਸਵੇਰੇ ਉੱਠਣ ਸਾਰ ਹੀ ਨਸ਼ੇ ਵਰਤਣ-ਵਰਤਾਉਣ ਲੱਗ ਪਏ। ਅਫੀਮ ਤੇ ਸ਼ਰਾਬ ਮਹੰਤ ਨਰੈਣ ਦਾਸ ਆਪ ਵੰਡ ਰਹੇ ਸਨ। ਡਿਉਢੀ ਦਾ ਬਾਹਰਲਾ ਗੇਟ ਖੋਲ੍ਹ ਦਿੱਤਾ। ਜਿਨ੍ਹਾਂ ਨੇ ਸ਼ਰਾਬ ਨਹੀਂ ਪੀਤੀ ਉਹ ਦਰਬਾਰ ਸਾਹਿਬ ਅੰਦਰ ਜਾ ਕੇ ਬੈਠ ਗਏ। ਮਹੰਤ ਬਾਹਰਲੇ ਗੇਟ @ਤੇ ਦਰਬਾਰ ਸਾਹਿਬ ਦੇ ਵਿਚਕਾਰ ਉੱਚੀ ਥਾਂ ਚੌਕੜਾ ਮਾਰ ਕੇ ਮਾਲਾ ਫੇਰਨ ਲੱਗਿਆ। ਮਿੱਥੇ ਪ੍ਰੋਗਰਾਮ ਅਨੁਸਾਰ ਸਾਰੇ ਬਦਮਾਸ਼ ਆਪੋ-ਆਪਣੇ ਟਿਕਾਣਿਆਂ @ਤੇ ਖੜ੍ਹ ਗਏ। ਅੱਧ ਤੋਂ ਵੱਧ ਲੁਕ ਗਏ ਜੋ ਮੌਕੇ @ਤੇ ਬਾਹਰ ਆਉਣੇ ਸੀ। ਗੁਰਬਾਣੀ ਦਾ ਪਾਠ ਸ਼ੁਰੂ ਹੋ ਗਿਆ। ਸ਼ੱਕ ਕਰਨ @ਤੇ ਵੀ ਨਹੀਂ ਲੱਗਦਾ ਸੀ ਕਿ ਖ਼ੂਨੀ ਕਹਿਰ ਦੀ ਤਿਆਰੀ ਹੋ ਗਈ ਹੈ। ਮਹੰਤ ਨਰੈਣ ਦਾਸ ਇਸ ਕਾਰਵਾਈ ਦੀ ਅਗਵਾਈ ਆਪ ਕਰ ਰਿਹਾ ਸੀ। ਸੰਗਤ ਆਉਂਦੀ ਜਾਂਦੀ ਰਹੀ। ਮਾਹੌਲ ਨੂੰ ਬੜੀ ਚਲਾਕੀ ਨਾਲ ਆਮ ਦੀ ਤਰ੍ਹਾਂ ਬਣਾਇਆ ਹੋਇਆ ਸੀ। ਜੋ ਸੰਗਤ ਨਮਸਕਾਰ ਕਰ ਕੇ ਮੁੜਦੀ ਉਸ ਨੂੰ ਪਰਸ਼ਾਦ ਦਿੱਤਾ ਜਾਂਦਾ। ਸਾਰੇ ਚੁੱਪ ਵਰਤੀ ਸੀ। ੧% ਵੀ ਸ਼ੱਕ ਨਹੀਂ ਸੀ ਪੈਦਾ ਹੁੰਦਾ। ਸਵੇਰ ਸਮੇਂ ਹੀ ਪਵਿੱਤਰ ਡਿਉਢੀ @ਤੇ

ਕੋਈ ਦੋ ਕੁ ਸੌ ਦਾ ਜਥਾ ਪੈਦਲ ਆ ਕੇ ਰੁਕਿਆ। ਇਹ ਜਥਾ ਸ. ਲਛਮਣ ਸਿੰਘ ਧਾਰੋਵਾਲੀਏ ਦੀ ਅਗਵਾਈ @ਚ ਆਇਆ। ਧਰਮੀ ਮਰਜੀਵੜੇ ਇਕ-ਇਕ ਕਰ ਕੇ ਸ੍ਰੀ ਗੁਰੂ ਨਾਨਕ ਜੀ ਦੇ ਦਰ @ਤੇ ਸੀਸ ਝੁਕਾਉਂਦੇ, ਧੂੜੀ ਮਸਤਕ ਨੂੰ ਲਾਉਂਦੇ, ਆਪਣੇ ਧੰਨ-ਭਾਗ ਸਮਝਦੇ ਹੋਏ ਅੰਦਰ ਚਲੇ ਜਾਂਦੇ। @ਵਾਹਿਗੁਰੂ-ਵਾਹਿਗੁਰੂ@ ਕਰਦੇ ਸ੍ਰੀ ਦਰਬਾਰ ਸਾਹਿਬ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਬੈਠ ਗਏ। ਭਾਈ ਲਛਮਣ ਸਿੰਘ ਜਥੇਦਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਬੈਠ ਗਏ ਤੇ ਕੁਝ ਸਮਾਂ ਗੁਰਬਾਣੀ ਪੜ੍ਹਨ ਤੋਂ ਬਾਅਦ ਉਨ੍ਹਾਂ ਨੇ ਹੁਕਮਨਾਮਾ ਲਿਆ ਤੇ ਸਿੰਘਾਂ ਨੂੰ ਇਸ਼ਾਰਾ ਕੀਤਾ ਕਿ ਕੀਰਤਨ ਕਰਨ। ਕੁਝ ਸਿੰਘ ਕੀਰਤਨ ਕਰਨ ਲੱਗ ਪਏ। ਬਾਕੀ ਸਿੰਘ ਕੀਰਤਨ ਦਾ ਅਨੰਦ ਮਾਣ ਰਹੇ ਸਨ। ਸਿੰਘ ਏਨੇ ਲੀਨ ਹੋ ਗਏ ਕਿ ਉਨ੍ਹਾਂ ਦਾ ਸਵਾਸ-ਸਵਾਸ, ਰੋਮ-ਰੋਮ ਸਿਮਰਨ ਨਾਲ ਬੱਝਾ ਬੈਠਾ ਸੀ। ਉਨ੍ਹਾਂ ਨੂੰ ਆਪਣੇ ਆਪ ਦਾ ਵੀ ਪਤਾ ਨਹੀਂ ਸੀ। ਸਾਰਾ ਖ਼ਿਆਲ ਗੁਰੂ ਸ਼ਬਦ ਨਾਲ ਹੀ ਜੋੜਿਆ ਹੋਇਆ ਸੀ। ਪਰ ਮਹੰਤ ਦੇ ਕਰਿੰਦੇ ਜੋ ਦਰਬਾਰ ਸਾਹਿਬ ਅੰਦਰ ਬੈਠੇ ਸਨ, ਉਹ ਹੌਲੀ-ਹੌਲੀ ਇਕ-ਇਕ ਕਰ ਕੇ ਬਾਹਰ ਆ ਗਏ। ਮਹੰਤ ਨੇ ਡਿਉਢੀ ਦਾ ਬਾਹਰਲਾ ਗੇਟ ਲਗਵਾ ਦਿੱਤਾ ਜੋ ਗੁੰਡੇ ਲੁਕੇ ਹੋਏ ਸੀ ਉਹ ਵੀ ਸਾਵਧਾਨ ਹੋ ਗਏ। ਜਦੋਂ ਸਾਰੇ ਪੁਜ਼ੀਸ਼ਨਾਂ ਸੰਭਾਲ ਗਏ ਤਾਂ ਸਾਰਿਆਂ ਦੀ ਨਜ਼ਰ ਮਹੰਤ ਵੱਲੀਂ ਸੀ।

ਅਖੀਰ ਪਾਪੀ ਨਰੈਣ ਦਾਸ ਨੇ ਇਸ਼ਾਰਾ ਕੀਤਾ ਤੇ ਗੋਲੀਆਂ ਦੀ ਵਾਛੜ ਖੁੱਲ੍ਹ ਗਈ। ਜੋ ਸਿੰਘ ਦਰਬਾਰ ਸਾਹਿਬ ਤੋਂ ਬਾਹਰ ਸੀ, ਗੋਲੀਆਂ ਨਾਲ ਭੂੰਨ ਦਿੱਤੇ। ਸਿੰਘਾਂ ਦੇ ਸਰੀਰ, ਤੜਫਣ ਲੱਗੇ, ਸਰੀਰ ਖ਼ੂਨ ਨਾਲ ਲੱਥ-ਪੱਥ ਹੋ ਗਏ। ਲੋਥਾਂ ਢੇਰੀ ਹੋ ਗਈਆਂ। ਖ਼ੂਨ ਦੇ ਪਰਨਾਲੇ ਚੱਲ ਪਏ। ਪਾਪੀ ਵਾਰ-ਵਾਰ ਸ਼ਹੀਦ ਹੋਏ ਸਿੰਘਾਂ ਦੇ ਵੀ ਗੋਲੀਆਂ ਮਾਰ ਰਿਹਾ ਸੀ। ਜੋ ਸਿੰਘ ਦਰਬਾਰ ਸਾਹਿਬ ਅੰਦਰ ਸੀ, ਉਨ੍ਹਾਂ ਨੇ ਅੰਦਰੋਂ ਹੀ ਗੇਟਾਂ ਨੂੰ ਕੁੰਡੇ ਲਾ ਲਏ। ਸਿੰਘਾਂ ਦੀਆਂ ਅੱਖਾਂ @ਚ ਖ਼ੂਨ ਆ ਗਿਆ ਤੇ ਇਕ ਸਿੰਘ ਕਹਿਣ ਲੱਗਿਆ ਕਿ ਅਸੀਂ ਗੇਟ ਖੋਲ੍ਹ ਕੇ ਇਨ੍ਹਾਂ ਕੋਲੋਂ ਰਾਈਫਲਾਂ ਖੋਹ ਕੇ ਇਨ੍ਹਾਂ ਗੁੰਡਿਆਂ ਦਾ ਨਾਮੋ-ਨਿਸ਼ਾਨ ਮਿਟਾ ਦੇਈਏ। ਪਰ ਜਥੇਦਾਰ ਲਛਮਣ ਸਿੰਘ ਨੇ ਕਿਹਾ ਕਿ ਅਸੀਂ ਸ਼ਾਂਤ ਰਹਿ ਕੇ ਹੀ ਸ਼ਹੀਦੀਆਂ ਦੇਵਾਂਗੇ। ਇਸ ਮਹੰਤ ਦੇ ਬੱਜਰ ਪਾਪਾਂ ਨੂੰ ਸਾਡਾ ਖ਼ੂਨ ਹੀ ਸਾਫ ਕਰੇਗਾ। ਜਦੋਂ ਬਾਹਰੋਂ ਸਾਰੇ ਸਿੰਘ ਸ਼ਹੀਦ ਹੋ ਗਏ ਤਾਂ ਪਾਪੀਆਂ ਨੇ ਦਰਬਾਰ ਸਾਹਿਬ ਦਾ ਗੇਟ ਥੋੜ੍ਹਾ ਜਿਹਾ ਫਾਇਰ ਕਰਨ ਲਈ ਤੋੜ ਲਿਆ। ਮੋਰੀ ਵਿਚ ਦੀ ਗੋਲੀਆਂ ਚਲਾਉਣ ਲੱਗੇ, ਜਦੋਂ ਅੰਦਰ ਸਿੰਘਾਂ ਦੇ ਗੋਲੀਆਂ ਲੱਗਣ ਲੱਗੀਆਂ, ਉਨ੍ਹਾਂ ਦੇ ਸਰੀਰ @ਚੋਂ ਖ਼ੂਨ ਨਿਕਲਣ ਲੱਗਿਆ, ਬਾਹਰ ਇਕ ਕੁੰਡ ਬਣਾਇਆ ਸੀ ਜਿਸ ਵਿਚ ਫਰਸ਼ ਧੋਣ @ਤੇ ਪਾਣੀ ਆਉਂਦਾ ਸੀ। ਪਰ ਅੱਜ ਇਹ ਲਹੂ ਨਾਲ ਭਰ ਗਿਆ ਤੇ ਉੱਪਰ ਦੀ ਹੋ ਕੇ ਰਾਹ @ਚ ਪੈਣ ਲੱਗਿਆ। ਸਾਰਾ ਨਨਕਾਣਾ ਸਾਹਿਬ ਗੂੰਜ ਉੱਠਿਆ। ਮਹੰਤ ਦੇ ਹੁਕਮ @ਤੇ ਸ੍ਰੀ ਦਰਬਾਰ ਸਾਹਿਬ ਦੇ ਸਾਰੇ ਗੇਟ ਤੋੜ ਦਿੱਤੇ, ਜੋ ਸਿੰਘ ਬਚੇ ਸਨ ਉਹ ਗੇਟ ਤੋੜਦਿਆਂ ਸਾਰ ਹੀ ਗੋਲੀਆਂ ਨਾਲ ਭੂੰਨ ਦਿੱਤੇ। ਦਰਬਾਰਾ ਸਿੰਘ, ਸਿੰਘਾਂ ਨੇ ਅਲਮਾਰੀ @ਚ ਬੰਦ ਕਰ ਦਿੱਤਾ ਸੀ। ਮਹੰਤ ਦੇ ਹੁਕਮ @ਤੇ ਸ. ਲਛਮਣ ਸਿੰਘ ਨੂੰ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਾ ਸੀ, ਉਸ ਨੂੰ ਚਾਰ ਬਦਮਾਸ਼ਾਂ ਨੇ ਕੇਸਾਂ ਤੇ ਲੱਤਾਂ ਤੋਂ ਫੜ ਕੇ ਮਹੰਤ ਅੱਗੇ ਸੁੱਟ ਦਿੱਤਾ। ਮਹੰਤ ਨੇ ਹੁਕਮ ਕੀਤਾ ਕਿ ਇਸ ਦੇ ਗੋਲੀ ਨਹੀਂ ਮਾਰਨੀ। ਇਸ ਨੂੰ ਪੁੱਠਾ ਕਰ ਕੇ ਜੰਡ ਨਾਲ ਬੰਨ੍ਹ ਦੇਵੋ। ਤੇਲ ਪਾ ਕੇ ਜਿਊਂਦੇ ਨੂੰ ਹੀ ਅੱਗ ਲਾ ਦੇਵੋ। ਜ਼ਾਲਮ ਬੁੱਚੜ ਬਦਮਾਸ਼ਾਂ ਨੇ ਸ. ਲਛਮਣ ਸਿੰਘ ਨੂੰ ਜੰਡ ਨਾਲ ਪੁੱਠਾ ਬੰਨ੍ਹ ਦਿੱਤਾ। ਥੱਲੇ ਲੱਕੜਾਂ ਨੂੰ ਤੇਲ ਪਾ ਕੇ ਅੱਗ ਲਾ ਦਿੱਤੀ। ਸ. ਲਛਮਣ ਸਿੰਘ ਨੂੰ ਜਿਊਂਦੇ ਨੂੰ ਅੱਗ ਲਾ ਦਿੱਤੀ। ਵਾਹਿਗੁਰੂ... ਧੰਨ ਸਿੱਖੀ...। ਸ. ਲਛਮਣ ਸਿੰਘ ਬਹੁਤ ਤੜਫਿਆ ਤੇ ਨਰੈਣ ਦਾਸ ਮਜ਼ਾਕ ਕਰ ਰਿਹਾ ਸੀ; ਕਿਉਂ ਬਣਨਾ ਪੰਥ ਦਾ ਮੋਢੀ? ਮਹੰਤ ਨਰੈਣ ਦਾਸ ਨੇ ਵੱਡੇ ਭੱਠ ਲੱਕੜਾਂ ਚਿਣ ਕੇ ਬਣਾ ਲਏ। ਸਾਰੇ ਭੱਠਾਂ @ਤੇ ਸਰੀਰ ਤੇ ਸ਼ਹੀਦਾਂ ਦੇ ਅੰਗ ਬਾਂਹਾਂ, ਲੱਤਾਂ ਭੱਠਾਂ @ਚ ਚਿਣ ਦਿੱਤੇ ਤੇ ਅੱਗ ਲਗਾ ਦਿੱਤੀ ਤੇ ਚਲਦੀ ਗੋਲੀ @ਚ ਮਹੰਤ ਨੇ ਆਪਣੇ ਦੋ-ਚਾਰ ਸਾਧ ਵੀ ਮਾਰ ਲਏ ਸੀ, ਜਿਨ੍ਹਾਂ ਦੀ ਲੋਥਾਂ ਉਸੇ ਤਰ੍ਹਾਂ ਹੀ ਪਈਆਂ ਸਨ ਕਿਉਂਕਿ ਇਹ ਲੋਥਾਂ ਅਕਾਲੀਆਂ ਸਿਰ ਲਾਉਣੀਆਂ ਸਨ ਤਾਂ ਕਿ ਕੇਸ ਸਿਰ ਨਾ ਪਵੇ। ਇਕ ਜ਼ਾਲਮ ਨੇ ਅਲਮਾਰੀ ਖੜਕਦੀ ਸੁਣੀ। ਜਦੋਂ ਖੋਲ੍ਹ ਕੇ ਵੇਖੀ ਤਾਂ ਉਸ ਵਿਚ ਨਿਆਣੀ ਉਮਰ ਦਾ ਬੱਚਾ ਸੀ। ਜਿਸ ਨੂੰ ਦੋ ਬੁੱਚੜ ਘੜੀਸ ਕੇ ਮਹੰਤ ਕੋਲ ਲੈ ਗਏ ਤੇ ਕਿਹਾ ਕਿ ਇਸ ਦਾ ਕੀ ਕਰਨਾ ਜੀ? ਮਹੰਤ ਨੇ ਕਿਹਾ, ÷ਇਹ ਵੀ ਅਕਾਲੀਆਂ ਦਾ ਹਮਾਇਤੀ ਹੈ, ਇਸ ਨੂੰ ਲੱਕੜਾਂ ਦੀ ਬਲ ਰਹੀ ਅੱਗ @ਚ ਜਿਉਂਦੇ ਨੂੰ ਸੁੱਟ ਦੇਵੋ। ਬੱਚਾ ਦਰਬਾਰਾ ਸਿੰਘ ਕਹਿ ਰਿਹਾ ਸੀ, ਮੈਨੂੰ ਵੀ ਛੇਤੀ ਮਾਰ ਦਿਓ ਤਾਂ ਕਿ ਮੈਂ ਵੀ ਆਪਣੇ ਜਥੇ ਤੇ ਆਪਣੇ ਬਾਪ ਨਾਲ ਰਲ ਜਾਵਾਂ ਤਾਂ ਜ਼ਾਲਮਾਂ ਨੇ ਉਸ ਨੂੰ ਲਟਾ ਲਟ ਬਲ ਰਹੀ ਅੱਗ ਵਿਚ ਸੁੱਟ ਦਿੱਤਾ। ਉਹ ਵਿਚਾਰਾ ਕੁਝ ਸਮਾਂ ਔਖਾ ਹੋ ਕੇ ਸ਼ਹੀਦੀ ਪਾ ਗਿਆ। ਪਰ ਇਹ ਖ਼ੂਨ-ਪੀਣੇ ਦਰਿੰਦਿਆਂ ਨੇ ਕਸਰ ਕੋਈ ਨਾ ਛੱਡੀ। ਕਰੀਬ ੨੦੦ ਸਿੰਘਾਂ ਦਾ ਇਹ ਬੇਕਸੂਰਾ ਜਥਾ ਪ੍ਰਭੂ ਦਾ ਸਿਮਰਨ ਕਰਦਾ ਗੁਰੂ ਨਾਨਕ ਸਾਹਿਬ ਜੀ ਦੇ ਘਰ ਨੂੰ ਆਪਣੇ ਪਵਿੱਤਰ ਖ਼ੂਨ ਨਾਲ ਸਿੰਜ ਗਿਆ। ਪੰਥ ਪ੍ਰਸਤ ਸ਼ਹੀਦ ਸਿੰਘਾਂ ਦੀਆਂ ਕੁਰਬਾਨੀਆਂ ਦੇ ਸਦਕਾ ਹੀ ਅੱਜ ਸਿੱਖ ਤੇ ਗੁਰੂ-ਘਰ ਅਜ਼ਾਦ ਹਨ। ਗੁਰਦੁਆਰਾ ਸਾਹਿਬ ਦੇ ਅੰਦਰੋਂ ਸਾਰੇ ਸਿੰਘ ਸ਼ਹੀਦ ਕਰ ਕੇ ਮਹੰਤ ਤੇ ਉਸ ਦੇ ਗੁੰਡੇ ਬਦਮਾਸ਼ ਪਠਾਣ ਬਾਹਰ ਖੇਤਾਂ @ਚ, ਰੇਲਵੇ ਲਾਈਨ @ਤੇ ਸਿੱਖਾਂ ਨੂੰ ਲੱਭਦੇ ਫਿਰੇ, ਜੋ ਵੀ ਧੱਕੇ ਚੜ੍ਹਿਆ ਸ਼ਹੀਦ ਕਰ ਦਿੱਤਾ। ਮਹੰਤ ਨਰੈਣ ਦਾਸ ਗੁਰਦੁਆਰੇ ਦੇ ਪਿਛਲੇ ਪਾਸੇ ਗਿਆ। ਦੂਰੋਂ ਵਾਹੋ-ਦਾਹੀ ਭੱਜੇ ਆਉਂਦੇ ਦੋ ਸਿੰਘ ਸ. ਦਲੀਪ ਸਿੰਘ ਤੇ ਸ. ਵਰਿਆਮ ਸਿੰਘ ਮਹੰਤ ਦੇ ਸਾਹਮਣੇ ਆ ਕੇ ਰੁਕੇ। ਸ. ਦਲੀਪ ਸਿੰਘ ਕਹਿਣ ਲੱਗਿਆ, ÷ਮਹੰਤਾ! ਤੂੰ ਇਹ ਕਹਿਰ ਬੰਦ ਕਰ ਦੇ। ਮੈਂ ਤੈਨੂੰ ਅਕਾਲੀਆਂ ਤੋਂ ਮੁਆਫੀ ਦੁਆ ਦੇਵਾਂਗਾ। ਗੁਰੂ ਨਾਨਕ ਸਾਹਿਬ ਜੀ ਦੇ ਘਰ ਦਾ ਵਾਸਤਾ ਈ ਓਏ ਮਹੰਤਾ! ਤੂੰ ਇਹ ਪਾਪ ਕਿੱਥੇ ਲਾਹੇਂਗਾ? ÷ਦਲੀਪ ਸਿੰਘਾ! ਲੱਗਦਾ ਤੂੰ ਵੀ ਅਕਾਲੀਆਂ ਦਾ ਹਮਾਇਤੀ ਬਣਦੈਂ।÷ ਇਹ ਕਹਿ ਕੇ ਸ. ਦਲੀਪ ਸਿੰਘ ਦੀ ਹਿੱਕ ਵਿਚ ਗੋਲੀ ਮਾਰੀ। ਸ. ਵਰਿਆਮ ਸਿੰਘ ਉਸ ਨੂੰ ਸੰਭਾਲਣ ਲੱਗਾ ਤਾਂ

ਜ਼ਿਲ੍ਹਾ ਪ੍ਰਧਾਨ ਲੱਖੀ ਵੱਲੋਂ ਸ਼੍ਰੋਅਦ ਦੀ ਜ਼ਿਲ੍ਹਾ ਜਥੇਬੰਦੀ ਦਾ ਐਲਾਨ

ਟਾਂਡਾ ਉੜਮੁੜ, 19 ਫਰਵਰੀ (ਅਰਜੁਨ ਜੈਨ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਿਰਦੇਸ਼ਾਂ ਅਨੁਸਾਰ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਜ਼ਿਲ੍ਹਾ ਜਥੇਬੰਦੀ ਦਾ ਐਲਾਨ ਕੀਤਾ ਹੈ। ਜਥੇਬੰਦੀ ਦਾ ਐਲਾਨ ਕਰਦੇ ਹੋਏ ਪ੍ਰਧਾਨ ਲਖਵਿੰਦਰ ਲੱਖੀ ਨੇ ਦੱਸਿਆ ਕਿ ਇਕਬਾਲ ਸਿੰਘ ਗੋਪੀ, ਤਰਲੋਚਨ ਸਿੰਘ ਚੀਮਾ, ਸੁਰਜੀਤ ਸਿੰਘ ਜੌੜਾ, ਮਨਜੋਤ ਸਿੰਘ ਰਿਆੜ, ਕੁਲਵੀਰ ਸਿੰਘ ਸੰਧੂ, ਬਲਕਾਰ ਸਿੰਘ ਨਗਾਰਾਂ, ਅਜੀਤ ਸਿੰਘ ਸਰੀਹਪੁਰ, ਸੰਤ ਸਿੰਘ ਜੰਡੋਰ, ਲਖਵਿੰਦਰ ਸਿੰਘ ਲੱਕੀ, ਸੁਰਿੰਦਰ ਸਿੰਘ ਚੱਕ, ਕੁਲਵਿੰਦਰ ਸਿੰਘ ਕਿੰਦਾ, ਕੁਲਦੀਪ ਸਿੰਘ ਗਿਲਜੀਆ, ਜੋਗਿੰਦਰ ਸਿੰਘ ਗਿਲਜੀਆਂ, ਬਲਦੇਵ ਸਿੰਘ ਬੈਂਚਾਂ, ਇਕਬਾਲ ਸਿੰਘ ਢਡਿਆਲਾ, ਜਗਜੀਤ ਸਿੰਘ ਮਿਆਣੀ, ਅਮਰੀਕ ਸਿੰਘ ਥੱਲਾ, ਕੁਲਦੀਪ ਸਿੰਘ ਥੱਲਾ, ਤਿਨਾਮ ਸਿੰਘ ਨੈਣੋਵਾਲ, ਗੁਰਕਮਲ ਸਿੰਘ ਸੋਡੀ, ਅਮਰਜੀਤ ਸਿੰਘ ਝੱਜੀ ਪਿੰਡ, ਬਚਨ ਸਿੰਘ ਦਰੀਆਂ, ਮੱਖਣ ਸਿੰਘ ਮੀਰਾਪੁਰ, ਸੰਤੋਖ ਸਿੰਘ ਮਾਨਪੁਰ, ਬਲਵਿੰਦਰ ਸਿੰਘ ਬਿੱਲਾ ਚੁਹਾਣਾ, ਫੁੱਲਬਾਗ ਸਿੰਘ ਜਹੂਰਾ, ਬਲਕਾਰ ਸਿੰਘ ਜਹੂਰਾ, ਮਨਜੀਤ ਸਿੰਘ ਕੰਧਾਲਾ ਜੱਟਾ, ਸਿਮਰਨਜੀਤ ਸਿੰਘ ਅਟਵਾਲ, ਹਰਦੀਪ ਸਿੰਘ ਅਰਗੋਵਾਲ, ਸ਼ਿਵਦੇਵ ਸਿੰਘ ਮੈਕਚੀਅਨ, ਬਲਵਿੰਦਰ ਸਿੰਘ ਚਿੱਪੜਾ, ਜਗਤਾਰ ਸਿੰਘ ਕਲਿਆਣਪੁਰ, ਅਵਤਾਰ ਸਿੰਘ ਮਿਆਣੀ, ਮਨਜੀਤ ਸਿੰਘ ਮਿਆਣੀ, ਸੁਰਜੀਤ ਸਿੰਘ ਮਿਆਣੀ, ਸਤਵਿੰਦਰ ਸਿੰਘ ਸੰਧੂ, ਗੁਰਵਿੰਦਰ ਸਿੰਘ ਮੋਕਮਗੜੀਆ, ਮਾਨ ਸਿੰਘ ਲਾਲੋਵਾਲ, ਮਾਸਟਰ ਕੁਲਦੀਪ ਸਿੰਘ, ਲੰਬੜਦਾਰ ਤੀਰਥ ਸਿੰਘ ਸਤੌਰ, ਸੁਖਜਿੰਦਰ ਸਿੰਘ ਸੁੱਖਾ, ਸੁਖਦੇਵ ਸਿੰਘ ਸੁੱਖਾ, ਅੰਮ੍ਰਿਤਪਾਲ ਸਿੰਘ ਅਜਨਾਮ, ਇੰਦਰਜੀਤ ਸਿੰਘ ਬਰੀਮਪੁਰ, ਸੁਖਵਿੰਦਰ ਸਿੰਘ ਥਿਆੜਾ, ਅਮਰਜੀਤ ਸਿੰਘ ਬਿੱਟੂ, ਕਲਜੀਤ ਸਿੰਘ, ਮੁਖਤਿਆਰ ਸਿੰਘ, ਬਲਵੀਰ ਸਿੰਘ, ਬਲਵੰਤ ਸਿੰਘ ਬਰਿਆਲ, ਹਰਵਿੰਦਰ ਪਾਲ ਸਿੰਘ ਬੈਂਸ ਸਰਪੰਚ ਸੰਦੀਪ ਸਿੰਘ, ਰਾਜਾ ਸਿੰਘ ਬੱਡਲਾ, ਮਝੈਲ ਹਰਮੋਯਾਂ , ਨਰਿੰਦਰਜੀਤ ਸਿੰਘ ਹੁਸੈਨਪੁਰ ਸੀਨੀਅਰ ਮੀਤ ਪ੍ਰਧਾਨਾ ਬਣਾਇਆ ਗਿਆ ਜਦਕਿ ਏਈਸਰ ਸਿੰਘ, ਪਿਆਰਾ ਸਿੰਘ, ਵਿਜੇ ਕੁਮਾਰ, ਅਮਰੀਕ ਸਿੰਘ, ਸੰਤੋਖ ਸਿੰਘ ਬਸੀ, ਹਰਚਰਨ ਸਿੰਘ ਬਸੀ, ਹਰਜੀਤ ਸਿੰਘ ਬਲਵਾੜਾ, ਸੁਰਜੀਤ ਸਿੰਘ ਬਾਰਾਡਾਂ, ਮਨਜੀਤ ਸਿੰਘ ਮੈਕਚੀਅਨ, ਚਰਨ ਸਿੰਘ ਬਹਿਲਾ, ਗੁਰਦੀਪ ਸਿੰਘ ਸਰਹਾਲਾ, ਇਕਬਾਲ ਸਿੰਘ ਬਾਘਾ, ਪਰਮਜੀਤ ਸਿੰਘ ਬਾਰਾਮਪੁਰ, ਅਮਨਦੀਪ ਸਿੰਘ ਅੰਬਾਲਾ, ਸੁਰਜੀਤ ਸਿੰਘ ਮਾਲਹਾਵਾਲ, ਸੁਖਵਿੰਦਰ ਸਿੰਘ ਬਿੱਟਾ ਲੰਬਰਦਾਰ ਨਰਿੰਦਰ ਸਿੰਘ, ਮਲਕੀਤ ਸਿੰਘ ਕੈਰੋ, ਰਜਿੰਦਰ ਸਿੰਘ, ਜਸਵਿੰਦਰ ਸਿੰਘ, ਬਲਵੀਰ ਸਿੰਘ ਆਹਰਾਂ, ਪ੍ਰਿਤਪਾਲ ਸਿੰਘ, ਜਤਿੰਦਰ ਸਿੰਘ ਟਿੰਮੀ, ਹਰਮੀਤ ਸਿੰਘ, ਅਰਵਿੰਦਰ ਸਿੰਘ ਧੁੱਗਾ, ਗੁਰਜੀਤ ਸਿੰਘ, ਨਰਿੰਦਰਪਾਲ ਸਿੰਘ, ਕੰਵਰਜੋਤ ਸਿੰਘ ਕਾਹਲੀ, ਸੁਖਪਾਲ ਸਿੰਘ ਧੂਤ, ਅਮਰਜੀਤ ਸਿੰਘ, ਗਿਆਨ ਸਿੰਘ, ਅਮਰੀਕ ਸਿੰਘ ਜਹਾਨਖੇਲਾਂ, ਜੋਗਿੰਦਰ ਸਿੰਘ ਪੰਡੋਰੀ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਇਸ ਤੋਂ ਇਲਾਵਾ ਗੁਰਚਰਨ ਸਿੰਘ ਭੂਗਾ, ਸਰਬਜੀਤ ਸਿੰਘ ਕਮਾਲਪੁਰ, ਜੀਵਨ ਸਿੰਘ ,ਰਾਜ ਕੁਮਾਰ, ਪਰਵੀਰ ਸੈਣੀ, ਅਸ਼ੋਕ ਕਲਿਆਣ, ਜਗਪਾਲ ਹੈਪੀ, ਰਘੁਨਾਥ ਨੰਦਲ, ਕਿਸ਼ਨਾ ਮਾਨਸਰ, ਦੀਪਕ ਰਾਜ, ਸ਼ਾਮ ਸਿੰਘ ਮੁੰਕਾ, ਰਣਜੀਤ ਸਿੰਘ ਜਾਜਾ, ਸਤਿਨਾਮ ਸਿੰਘ ਜਾਜਾ, ਨਿਰਵੈਰ ਸਿੰਘ ਖੁੱਡਾ, ਬਲਕਾਰ ਸਿੰਘ ਲਿੱਟਨ, ਹਰਵਿੰਦਰ ਸਿੰਘ ਮੰਗਾ, ਹਰਦੀਪ ਸਿੰਘ ਬੁੱਢੀ ਪਿੰਡ, ਜਸਵੀਰ ਸਿੰਘ ਬੁੱਢੀ ਪਿੰਡ, ਅਮਰਜੀਤ ਸਿੰਘ ਖੰਡਾਲੀ, ਕੁਲਦੀਪ ਸਿੰਘ ਭਾਨਾ, ਜਸਵਿੰਦਰ ਸਿੰਘ ਮੈਕਚੀਅਨ, ਭੁਪਿੰਦਰ ਸਿੰਘ ਗੋਦਪੁਰ, ਹਰਮਿੰਦਰ ਸਿੰਘ ਬਹਿਲਾ, ਸਤਵੀਰ ਸਿੰਘ ਬੇਰਮਪੁਰ, ਜਸਵੀਰ ਸਿੰਘ ਖਿਆਲਾ, ਦਵਿੰਦਰ ਸਿੰਘ ਢੋਲੋਵਾਲ, ਬੂਟਾ ਸਿੰਘ ਰਾਜਾ ਕਲਾਂ, ਸਤਵਿੰਦਰ ਸਿੰਘ ਮਿਰਜਾਪੁਰ, ਸੁਖਵਿੰਦਰ ਸਿੰਘ ਮਿਰਜ਼ਾਪੁਰ, ਰਮਨਦੀਪ ਸਿੰਘ, ਸੁਖਦੇਵ ਸਿੰਘ, ਰਵਿੰਦਰਪਾਲ ਸਿੰਘ, ਕੁਲਬੀਰ ਸਿੰਘ, ਜਸਵੀਰ ਸਿੰਘ ਸ਼ੀਰਾ, ਤਰਨਦੀਪ ਸਿੰਘ ਲੁੱਦਾਂ, ਅਮਨਦੀਪ ਸਿੰਘ ਬੈਂਸ, ਮੋਹਣ ਸਿੰਘ ਨਸਰਾਲਾ, ਨਵਦੀਪ ਸਿੰਘ ਦੇਵੀ ਦਾਸ ਨੂੰ ਜਨਰਲ ਸਕੱਤਰ ਚੁਣਿਆ ਗਿਆ ਜਦਕਿ ਮਾਨ ਸਿੰਘ ਗਿਲਜੀਆ, ਸੁਖਵਿੰਦਰ ਸਿੰਘ ਜੰਡ, ਇਸ਼ਵਰ ਸਿੰਘ, ਸੁਖਦੇਵ ਸਿੰਘ ਮਨਦੀਪ ਸਿੰਘ, ਜਸਵਿੰਦਰ ਸਿੰਘ ਹੁਸੈਨਪੁਰ, ਅਜੀਤ ਸਿੰਘ ਪੰਡੋਰੀ, ਮਨਜੀਤ ਸਿੰਘ ਖੋਖਰ, ਪੂਰਨ ਚੰਦ, ਅਵਤਾਰ ਸਿੰਘ ਸਰਿਆਲਾ, ਉਕਾਰ ਸਿੰਘ ਰਾਣਾ, ਕੁਲਬੀਰ ਸਿੰਘ ਸਹੋਤਾ, ਠਾਕੁਰ ਬਿਕਰਮ ਸਿੰਘ, ਦਲਬਾਗ ਸਿੰਘ ਬਹਾਗਾ, ਅਵਤਾਰ ਸਿੰਘ ਬਹਾਗਾ ,ਕਾਲਾ ਸੱਭਰਵਾਲ, ਅਸ਼ੋਕ ਰਾਣਾ, ਤਰਲੋਕ ਸਿੰਘ ਧੁੱਗਾ ਨੂੰ ਵਰਕਿੰਗ ਕਮੇਟੀ ਮੈਂਬਰ ਚੁਣਿਆ ਗਿਆ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਪ੍ਰਮੋਸ਼ਨਲ ਮੈਰਾਥਨ ਰਾਹੀਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲੁਧਿਆਣਾ ਵਾਸੀਆਂ ਵੱਲੋਂ ਵੱਡਾ ਹੁੰਗਾਰਾ

ਗੜਸ਼ੰਕਰ, 19 ਫਰਵਰੀ (ਅਜਮੇਰ ਸਿੰਘ ਭਨੋਟ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਲੁਧਿਆਣਾ ਵਿੱਚ ਵੱਡਾ ਜਨ ਸਮਰਥਨ ਮਿਲਿਆ, ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਅਤੇ ਉਨ੍ਹਾਂ ਦੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਵੱਲ ਮੋੜਣ ਦੇ ਉਦੇਸ਼ ਨਾਲ 5 ਕਿਲੋਮੀਟਰ ਦੀ ਪਹਿਲੀ ਪ੍ਰਮੋਸ਼ਨਲ ਮੈਰਾਥਨ ਕਰਵਾਈ ਗਈ। ਇਹ ਮੈਰਾਥਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਸਪੋਰਟਸ ਗਰਾਊਂਡ ਤੋਂ ਸ਼ੁਰੂ ਹੋਈ, ਜਿਸ ਨੂੰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਸਪੀਕਰ ਸਰੋੜੀ ਨੇ ਦੱਸਿਆ ਕਿ ਲੱਗਭੱਗ 1200 ਦੌੜਾਕਾਂ ਨੇ ਇਸ ਮੈਰਾਥਨ ਵਿੱਚ ਭਾਗ ਲਿਆ। ਉਨ੍ਹਾਂ ਕਿਹਾ ਕਿ ਇਹ ਦੌੜ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਮਹਾਨ ਕੁਰਬਾਨੀ ਨੂੰ ਸਮਰਪਿਤ ਹੈ ਅਤੇ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਵੱਲ ਇੱਕ ਮਜ਼ਬੂਤ ਸਮੂਹਿਕ ਕਦਮ ਹੈ।

ਉਨ੍ਹਾਂ ਐਲਾਨ ਕੀਤਾ ਕਿ 22 ਮਾਰਚ ਨੂੰ ਮਾਹਿਲਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਸ਼ਟਰੀ ਮੈਰਾਥਨ ਆਯੋਜਿਤ ਕੀਤੀ ਜਾਵੇਗੀ ਤੇ ਸਾਰੇ ਨਾਗਰਿਕਾਂ ਨੂੰ ਇਸ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲਿਆਂ ਨਾਲ ਨਸ਼ਾ ਮੁਕਤ ਪੰਜਾਬ ਲਈ ਜਨ ਅੰਦੋਲਨ ਹੋਰ ਮਜ਼ਬੂਤ ਹੋਵੇਗਾ। ਡਿਪਟੀ ਸਪੀਕਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਦੇ ਨਾਲ-ਨਾਲ 'ਰੋਕਥਾਮ' ਤਹਿਤ ਜਾਗਰੂਕਤਾ ਪ੍ਰੋਗਰਾਮ ਵੀ ਕਰਵਾਏ ਜਾ ਰਹੇ ਹਨ, ਤਾਂ ਜੋ ਸਮਾਜ ਦੇ ਹਰ ਵਰਗ ਨੂੰ ਨਸ਼ਿਆਂ ਵਿਰੁੱਧ ਲੜਾਈ ਵਿੱਚ ਸ਼ਾਮਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮੈਰਾਥਨ ਵਰਗੇ ਖੇਡ ਸਮਾਗਮ ਨੌਜਵਾਨਾਂ ਵਿੱਚ ਟੀਮ ਵਰਕ, ਅਨੁਸ਼ਾਸਨ ਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਪ੍ਰਫੁੱਲਿਤ ਕਰਦੇ ਹਨ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਮੈਰਾਥਨ ਸਿਰਫ਼ ਇੱਕ ਦੌੜ ਨਹੀਂ ਸੀ, ਬਲਕਿ ਨਸ਼ਿਆਂ ਦੇ ਖ਼ਤਰਿਆਂ ਖ਼ਿਲਾਫ਼ ਇਕ ਸਾਂਝਾ ਸੰਦੇਸ਼ ਸੀ। ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਕੀਤੀ ਗਈ ਇਹ ਪਹਿਲ ਸੂਬੇ ਦੇ ਲੋਕਾਂ ਦੀ ਭਲਾਈ ਲਈ ਵਚਨਬੱਧਤਾ ਦਾ ਪ੍ਰਗਟਾਵਾ ਹੈ। ਮੈਰਾਥਨ ਦੌਰਾਨ ਉਤਸ਼ਾਹਪੂਰਣ ਮਾਹੌਲ ਦੇਖਣ ਨੂੰ ਮਿਲਿਆ। ਡਿਪਟੀ ਸਪੀਕਰ ਅਤੇ ਮੌਜੂਦ ਵਿਧਾਇਕਾਂ ਵੱਲੋਂ ਜੇਤੂ ਦੌੜਾਕਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਵਧਾਈ ਦਿੱਤੀ ਗਈ। ਲੁਧਿਆਣਾ ਵਾਸੀਆਂ ਨੇ ਪੰਜਾਬ ਸਰਕਾਰ ਦੀ ਨਸ਼ਾ ਤਸਕਰਾਂ ਖ਼ਿਲਾਫ਼ ਕਾਰਵਾਈ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਜਾਗਰੂਕਤਾ ਸਮਾਗਮ ਨੌਜਵਾਨ ਪੀੜ੍ਹੀ ਨੂੰ ਸਹੀ ਰਸਤੇ 'ਤੇ ਲੈ ਜਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਨਸ਼ਿਆਂ ਵਿਰੁੱਧ ਇਸ ਜੰਗ ਵਿੱਚ ਉਹ ਸਰਕਾਰ ਤੇ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦੇਣਗੇ। ਇਸ ਮੌਕੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਸਤਵੀਰ ਸਿੰਘ ਗੌਸਲ, ਉਪ ਮੰਡਲ ਮੈਜਿਸਟਰੇਟ ਲੁਧਿਆਣਾ ਪੂਰਬੀ ਜਸਲੀਨ ਕੌਰ ਭੁੱਲਰ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ। ਇਹ ਮੈਰਾਥਨ ਨਸ਼ਾ ਮੁਕਤ ਪੰਜਾਬ ਵੱਲ ਇੱਕ ਮਜ਼ਬੂਤ ਕਦਮ ਵਜੋਂ ਸਾਬਤ ਹੋਈ, ਜਿਸ ਨੇ ਸਾਬਤ ਕਰ ਦਿੱਤਾ ਕਿ ਜਦੋਂ ਸਮਾਜ ਇਕੱਠਾ ਹੁੰਦਾ ਹੈ ਤਾਂ ਕੋਈ ਵੀ ਮੁਹਿੰਮ ਕਾਮਯਾਬੀ ਤੋਂ ਦੂਰ ਨਹੀਂ ਰਹਿੰਦੀ।

ਜਸਵੀਰ ਸਿੰਘ ਗੜ੍ਹੀ ਅੱਜ ਐੱਸ.ਸੀ ਭਾਈਚਾਰੇ ਨਾਲ ਸਬੰਧਤ ਲੋਕਾਂ ਦੀਆਂ ਸੁਣਨਗੇ ਮੁਸ਼ਕਿਲਾਂ

ਬਟਾਲਾ, 19 ਫਰਵਰੀ (ਬਲਵਿੰਦਰ ਸਿੰਘ ਪੰਜਗਰਾਈਂ/ਡਾ. ਸਤਨਾਮ ਸਿੰਘ ਸੰਧੂ): ਜਸਵੀਰ ਸਿੰਘ ਗੜ੍ਹੀ, ਚੇਅਰਮੈਨ ਐੱਸ.ਸੀ ਕਮਿਸ਼ਨ ਪੰਜਾਬ ਕੱਲ੍ਹ 20 ਫਰਵਰੀ ਨੂੰ ਬਟਾਲਾ ਪਹੁੰਚਣਗੇ ਤੇ ਉਨ੍ਹਾਂ ਵੱਲੋਂ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਬਟਾਲਾ ਵਿਖੇ ਐੱਸ.ਸੀ ਭਾਈਚਾਰੇ ਨਾਲ ਸਬੰਧਤ ਲੋਕਾਂ ਦੀਆਂ ਮੁਸ਼ਕਿਲਾਂ ਸੁਣਕੇ ਹੱਲ ਕਰਵਾਈਆਂ ਜਾਣਗੀਆਂ। ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਰਹਿਣਗੇ।

ਜ਼ਿਲ੍ਹਾ ਸਮਾਜਿਕ ਨਿਆਂ ਅਧਿਕਾਰਤਾ ਅਫਸਰ ਗੁਰਦਾਸਪੁਰ ਸੁਖਵਿੰਦਰ ਸਿੰਘ ਘੁੰਮਣ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਕੱਲ੍ਹ 20 ਫਰਵਰੀ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਅਨੁਸੂਚਿਤ ਜਾਤੀਆਂ ਵਰਗ ਭਾਈਚਾਰੇ ਨਾਲ ਸਬੰਧਤ ਲੋਕਾਂ ਦੀ ਮੁਸ਼ਕਿਲਾਂ ਸੁਣ ਕੇ ਸਬੰਧਤ ਵਿਭਾਗਾਂ ਰਾਹੀਂ ਹੱਲ ਕਰਵਾਈਆਂ ਜਾਣਗੀਆਂ। ਉਨ੍ਹਾਂ ਐੱਸ.ਸੀ ਭਾਈਚਾਰੇ ਨਾਲ ਸਬੰਧਤ ਲੋਕਾਂ ਨੂੰ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ।

ਭਾਰਤੀ ਕਿਸਾਨ ਯੂਨੀਅਨ ਵੱਲੋਂ ਕਿਸਾਨਾਂ, ਮਜ਼ਦੂਰਾਂ ਤੇ ਵਪਾਰੀਆਂ ਦੀਆਂ ਮੰਗਾਂ ਨੂੰ ਲੈ ਕੇ ਵਿਸ਼ਾਲ 'ਕਿਸਾਨ ਮਹਾਂ ਪੰਚਾਇਤ'

ਬੰਗਾ, 19 ਫਰਵਰੀ (ਪ੍ਰਭਜੋਤ ਸਿੰਘ): ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਵੱਲੋਂ ਕਿਸਾਨਾਂ, ਮਜ਼ਦੂਰਾਂ ਅਤੇ ਵਪਾਰੀਆਂ ਨੂੰ ਦਰਪੇਸ਼ ਆ ਰਹੀਆਂ ਗੰਭੀਰ ਸਮੱਸਿਆਵਾਂ ਦੇ ਹੱਲ ਲਈ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ, ਜੀਂਦੋਵਾਲ (ਬੰਗਾ-ਨਵਾਂਸ਼ਹਿਰ ਰੋਡ) ਵਿਖੇ ਇੱਕ ਵਿਸ਼ਾਲ 'ਕਿਸਾਨ ਮਹਾਂ ਪੰਚਾਇਤ' ਦਾ ਸਫਲ ਆਯੋਜਨ ਕੀਤਾ ਗਿਆ। ਇਸ ਮਹਾਂ ਪੰਚਾਇਤ ਵਿੱਚ ਇਲਾਕੇ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਇਸ ਮਹਾਂ ਪੰਚਾਇਤ ਵਿੱਚ ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਪੰਜਾਬ ਪ੍ਰਧਾਨ ਹਰਮੀਤ ਸਿੰਘ ਕਾਦੀਆਂ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਇਕੱਠ ਨੂੰ ਸੰਬੋਧਨ ਕੀਤਾ। ਉਹਨਾਂ ਦੇ ਨਾਲ ਆਏ ਹੋਰ ਵੱਖ-ਵੱਖ ਬੁਲਾਰਿਆਂ ਨੇ ਵੀ ਸਟੇਜ ਤੋਂ ਆਪਣੇ ਵਿਚਾਰ ਸਾਂਝੇ ਕੀਤੇ ਤੇ ਮੌਜੂਦਾ ਹਾਲਾਤਾਂ 'ਤੇ ਚਿੰਤਾ ਪ੍ਰਗਟਾਈ। ਆਗੂਆਂ ਨੇ ਆਪਣੇ ਸੰਬੋਧਨ ਦੌਰਾਨ ਹੇਠ ਲਿਖੇ ਅਹਿਮ ਮੁੱਦਿਆਂ 'ਤੇ ਡੂੰਘੀ ਵਿਚਾਰ-ਚਰਚਾ ਕੀਤੀ ਤੇ ਸਰਕਾਰਾਂ ਤੋਂ ਠੋਸ ਕਦਮ ਚੁੱਕਣ ਦੀ ਮੰਗ ਕੀਤੀ: ਭਾਰਤ ਦਾ ਅਮਰੀਕਾ ਨਾਲ ਕੀਤੇ ਗਏ ਵਪਾਰ ਸਮਝੌਤੇ ਬਾਰੇ ਵਿਸਥਾਰਪੂਰਵਕ ਸੰਵਾਦ। ਯੂਰੀਆ ਖਾਦ ਦੇ ਥੈਲੇ ਦਾ ਵਜ਼ਨ ਘਟਾਉਣ ਤੇ ਇਸਦੀ ਉਪਲਬਧਤਾ ਸੀਮਿਤ ਕਰਨ ਦੀਆਂ ਨੀਤੀਆਂ ਦਾ ਸਖ਼ਤ ਵਿਰੋਧ। ਬਿਜਲੀ ਬੋਰਡ ਦੇ ਕੀਤੇ ਜਾ ਰਹੇ ਨਿੱਜੀਕਰਨ ਤੇ ਚਿੱਪ ਵਾਲੇ ਮੀਟਰ ਲਗਾਉਣ 'ਤੇ ਮੁਕੰਮਲ ਰੋਕ ਲਗਾਉਣ ਦੀ ਮੰਗ।

ਪ੍ਰਬੰਧਕਾਂ ਵੱਲੋਂ ਆਈਆਂ ਹੋਈਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਸਮਾਗਮ ਦੌਰਾਨ ਸੰਗਤਾਂ ਲਈ ਚਾਹ, ਪਾਣੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਮਜ਼ਦੂਰ ਰਣਜੀਤ ਸਿੰਘ, ਹਰਜੀਤ ਸਿੰਘ, ਹਰਜੀਤ ਸਿੰਘ, ਦਲਜੀਤ ਸਿੰਘ, ਅਵਤਾਰ ਸਿੰਘ, ਬੁੱਧ ਸਿੰਘ, ਬਲਵੀਰ ਸਿੰਘ, ਜਸਪਾਲ ਸਿੰਘ, ਹਰਜੀਤ ਸਿੰਘ, ਅਮਰੀਕ ਸਿੰਘ ਸੰਧਵਾਂ, ਅਮਰਜੀਤ ਸਿੰਘ ਸੈਦਪੁਰ, ਜਸਵੀਰ ਸਿੰਘ, ਮਲਕੀਤ ਸਿੰਘ, ਤਰਸੇਮ ਲਾਲ ਸਰਪੰਚ, ਸੁਰਜੀਤ ਸਿੰਘ, ਇੰਦਰਜੀਤ ਸਿੰਘ, ਭੁਪਿੰਦਰ ਸਿੰਘ, ਦਲਵਿੰਦਰ ਸਿੰਘ, ਲੱਕੀ ਬਾਬਾ ਝੰਡਾ ਜੀ ਵਾਲੇ, ਮਹਿੰਦਰ ਸਿੰਘ, ਗੁਰਦੀਪ ਸਿੰਘ ਕਰਨਾਣਾ, ਸੋਢੀ ਸੰਧਵਾਂ, ਜੋਤੀ ਖਟਕੜ, ਮੋਹਣ ਸਿੰਘਤਲਵਿੰਦਰ ਸਿੰਘ ਖਟਕੜ, ਪਰਮਜੀਤ ਸਿੰਘ ਪੰਮਾ, ਰਣਧੀਰ ਸਿੰਘ, ਰਣਬੀਰ ਸਿੰਘ, ਗੁਰਦੀਪ ਸਿੰਘ ਹ

ਹਰਿਆਣਾ ਦੇ ਮੁੱਖ ਮੰਤਰੀ ਦਾ ਪੰਜਾਬ ਅੰਦਰ ਦਸਤਾਰ ਸਜਾਉਣਾ ਸਿੱਖਾਂ ਲਈ ਅਤੇ ਪੰਜਾਬੀਆਂ ਲਈ ਦਿਲੋਂ ਸਤਿਕਾਰ : ਸੁੱਖੀ

ਅਮਲੋਹ, 19 ਫਰਵਰੀ (ਜਸਵੰਤ ਸਿੰਘ) : ਭਾਰਤੀ ਜਨਤਾ ਪਾਰਟੀ ਯੁਵਾ ਮੋਰਚੇ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਅਤੇ ਕੇਰਲ ਵਿਧਾਨ ਸਭਾ ਚੋਣਾਂ ਦੇ ਸਹਾਇਕ ਇੰਚਾਰਜ ਐਡਵੋਕੇਟ ਸੁਖਵਿੰਦਰ ਸਿੰਘ ਸੁੱਖੀ ਨੇ ਪ੍ਰੈਸ ਦੇ ਨਾਂ ਜਾਰੀ ਇਕ ਬਿਆਨ ਵਿਚ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਿੱਖਾਂ ਦੇ ਸਤਿਕਾਰ ਵਜੋਂ ਦਸਤਾਰ ਸਜਾ ਕੇ ਗੁਰੂਆਂ, ਪੀਰਾਂ ਦੀ ਧਰਤੀ ਪੰਜਾਬ ਆਉਂਦੇ ਹਨ ਜੋ ਕਿ ਸੂਬੇ ਦੇ ਸਿੱਖਾਂ ਅਤੇ ਸਮੁੱਚੇ ਪੰਜਾਬੀਆਂ ਲਈ ਸੱਚੇ ਦਿੱਲੋਂ ਸਤਿਕਾਰ ਦੇਣ ਦੀ ਗੱਲ ਹੈ। ਉਨ੍ਹਾਂ ਸ੍ਰੀ ਸੈਣੀ ਦੇ ਅਮਲੋਹ ਹਲਕੇ ਦੇ ਇਕ ਨਿੱਜੀ ਦੌਰੇ ਦਾ ਵਿਰੋਧ ਕਰਨ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸੋਸ਼ਲ ਮੀਡੀਆ ਉਪਰ ਇਕ ਵੀਡੀਓ ਵਿਚ ਆਪ ਵਿਧਾਇਕ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਸੈਣੀ ਦੀ ਪੰਜਾਬ ਵਿਚ ਦਸਤਾਰ ਸਜਾਉਣ ਨੂੰ ਅਫਗਾਨ, ਰੋਹੇਲੇ, ਰੰਗੜ, ਕਹਿ ਕੇ ਤੁਲਨਾ ਕਰ ਰਿਹਾ ਹੈ ਜੋ ਕਿ ਬਹੁਤ ਹੀ ਅਪਮਾਨਜਨਕ ਹੈ, ਜਿਸਤੋਂ ਸਾਬਤ ਹੁੰਦਾ ਹੈ ਕਿ ਦਿੱਲੀ ਦੇ ਲੋਕਾਂ ਵੱਲੋਂ ਨਕਾਰੇ ਹੋਏ ਸਾਬਕਾ ਮੁੱਖ ਮੰਤਰੀ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦਾ ਪੰਜਾਬ ਆ ਕੇ ਦਸਤਾਰ ਸਜਾਉਣਾ ਵੀ ਅਫਗਾਨ, ਰੋਹੇਲੇ, ਰੰਗੜ ਵਾਲਾ ਹੀ ਕੰਮ ਹੈ।

ਉਨ੍ਹਾਂ ਕਿਹਾ ਕਿ ਆਪ ਸਰਕਾਰ ਦੀ ਬੌਖਲਾਹਟ ਸਾਬਤ ਕਰਦੀ ਹੈ ਕਿ ਪੰਜਾਬ ਵਿਚ ਲੋਕਾਂ ਦਾ ਮੋਹ ਭੰਗ ਹੋ ਚੁੱਕਿਆ ਹੈ ਅਤੇ ਸੂਬੇ ਦੇ ਲੋਕ ਡਬਲ ਇੰਜਨ ਦੀ ਭਾਜਪਾ ਸਰਕਾਰ ਦਾ ਮਨ ਬਣਾ ਚੁੱਕੇ ਹਨ।

ਸਿਮਰਨ ਗਿਲਹੋਤਰਾ ਨੇ ਪੰਜਾਬ ਇੰਟਰ-ਡਿਸਟ੍ਰਿਕਟ ਬੈਡਮਿੰਟਨ ਚੈਂਪੀਅਨਸ਼ਿਪ 'ਚ ਸੋਨੇ ਅਤੇ ਚਾਂਦੀ ਦੇ ਤਮਗੇ ਜਿੱਤੇ

ਫਾਜ਼ਿਲਕਾ, 19 ਫਰਵਰੀ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਖੇਡਾਂ ਦੇ ਮੈਦਾਨ ਤੋਂ ਫ਼ਾਜ਼ਿਲਕਾ ਲਈ ਇਕ ਵਾਰ ਫਿਰ ਮਾਣ ਵਾਲੀ ਖ਼ਬਰ ਸਾਹਮਣੇ ਆਈ ਹੈ। ਸਥਾਨਕ ਬੇਟੀ ਸਿਮਰਨ ਗਿਲਹੋਤਰਾ ਨੇ ਜਲੰਧਰ ਦੇ ਵੱਕਾਰੀ ਰਾਏਜ਼ਾਦਾ ਹੰਸਰਾਜ ਸਟੇਡੀਅਮ ਵਿਖੇ ਆਯੋਜਿਤ 'ਪੰਜਾਬ ਇੰਟਰ-ਡਿਸਟ੍ਰਿਕਟ ਬੈਡਮਿੰਟਨ ਚੈਂਪੀਅਨਸ਼ਿਪ' ਵਿਚ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਂਦੇ ਹੋਏ ਦੋਹਰੇ ਤਗਮੇ ਹਾਸਲ ਕੀਤੇ ਹਨ। ਸਿਮਰਨ ਨੇ ਅੰਡਰ-19 ਵਰਗ ਵਿਚ ਸੋਨ ਤਗਮਾ ਅਤੇ ਸੀਨੀਅਰ ਵਰਗ ਵਿਚ ਚਾਂਦੀ ਦਾ ਤਗਮਾ ਜਿੱਤ ਕੇ ਜ਼ਿਲ੍ਹੇ ਦਾ ਨਾਂ ਪੂਰੇ ਸੂਬੇ ਵਿਚ ਰੌਸ਼ਨ ਕੀਤਾ ਹੈ। ਜ਼ਿਕਰਯੋਗ ਹੈ ਕਿ ਸਿਮਰਨ ਗਿਲਹੋਤਰਾ ਹਾਲ ਹੀ ਵਿਚ ਪੰਜਾਬ ਸਟੇਟ ਅੰਡਰ-19 ਵਿਚ ਸੋਨ ਤਗਮਾ ਜਿੱਤਣ ਵਾਲੇ ਅਨੀਰੁੱਧ ਗਿਲਹੋਤਰਾ ਦੀ ਸਕੀ ਭੈਣ ਹੈ। ਇੱਕੋ ਪਰਿਵਾਰ ਦੇ ਦੋ ਬੱਚਿਆਂ ਵਲੋਂ ਰਾਜ ਪੱਧਰ 'ਤੇ ਸੋਨ ਤਗਮੇ ਜਿੱਤਣਾ ਨਾ ਕੇਵਲ ਗਿਲਹੋਤਰਾ

ਪਰਿਵਾਰ ਬਲਕਿ ਪੂਰੇ ਖੇਤਰ ਦੇ ਖੇਡ ਇਤਿਹਾਸ ਵਿਚ ਇਕ ਸੁਨਹਿਰੀ ਅਧਿਆਇ ਹੈ। ਦੋਵਾਂ ਭੈਣ-ਭਰਾਵਾਂ ਦੀ ਇਸ ਸਫਲਤਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਫ਼ਾਜ਼ਿਲਕਾ ਵਿਚ ਖੇਡ ਪ੍ਰਤਿਭਾ ਦੀ ਕੋਈ ਕਮੀ ਨਹੀਂ ਹੈ। ਵਿਨੀਤ ਗਿਲਹੋਤਰਾ ਅਤੇ ਸ੍ਰੀਮਤੀ ਰਾਧਾ ਗਿਲਹੋਤਰਾ ਦੀ ਸਪੁੱਤਰੀ ਸਿਮਰਨ ਨੇ ਆਪਣੀ ਤਕਨੀਕ ਅਤੇ ਫੁਰਤੀ ਨਾਲ ਵਿਰੋਧੀਆਂ ਨੂੰ ਪਛਾੜਦੇ ਹੋਏ ਫਾਈਨਲ ਤੱਕ ਦਾ ਸਫ਼ਰ ਤੈਅ ਕੀਤਾ।

ਡੀ.ਐਸ.ਪੀ. ਕੁਲਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਕੂਲਾਂ ਅੱਗੇ ਸਪੈਸ਼ਲ ਨਾਕਾ ਲਗਾਇਆ

ਧਾਰੀਵਾਲ, 19 ਫਰਵਰੀ (ਅਸ਼ੋਕ ਕੁਮਾਰ) : ਐਸ.ਐਸ.ਪੀ. ਗੁਰਦਾਸਪੁਰ ਸ੍ਰੀ ਅਦਿੱਤਿਆ ਦੇ ਆਦੇਸ਼ਾਂ ਤਹਿਤ ਡੀ.ਐਸ.ਪੀ. ਕੁਲਵੰਤ ਸਿੰਘ ਮਾਨ ਵੱਲੋਂ ਭਾਰੀ ਪੁਲਿਸ ਫੋਰਸ ਸਮੇਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਣੀਆ ਦੇ ਮੁੱਖ ਗੇਟ ਸਾਹਮਣੇ ਵਿਸ਼ੇਸ਼ ਨਾਕਾਬੰਦੀ ਕੀਤੀ ਗਈ । ਇਸ ਕਾਰਵਾਈ ਦਾ ਮਕਸਦ ਇਲਾਕੇ ਵਿੱਚ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਕਰਨਾ ਅਤੇ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ ਸੀ। ਨਾਕੇ ਦੌਰਾਨ ਆਉਣ-ਜਾਣ ਵਾਲੇ ਦੋ ਪਹੀਆ ਅਤੇ ਚਾਰ ਪਹੀਆ ਵਾਹਨਾਂ ਦੀ ਬਰੀਕੀ ਨਾਲ ਜਾਂਚ ਕੀਤੀ ਗਈ। ਮੋਡੀਫਾਈਡ ਵਾਹਨਾਂ 'ਤੇ ਖਾਸ ਧਿਆਨ ਦਿੱਤਾ ਗਿਆ ਅਤੇ ਉੱਚੀ ਆਵਾਜ਼ ਵਾਲੇ ਗੈਰ-ਕਾਨੂੰਨੀ ਸਾਇਲੰਸਰ ਅਤੇ ਪ੍ਰੈਸ਼ਰ ਹਾਰਨ ਮੌਕੇ 'ਤੇ ਹੀ ਹਟਾਏ ਗਏ। ਪੁਲਿਸ ਅਧਿਕਾਰੀਆਂ ਵੱਲੋਂ ਦਸਤਾਵੇਜ਼ਾਂ ਦੀ ਵੀ ਜਾਂਚ ਕੀਤੀ ਗਈ ਤਾਂ ਜੋ ਬਿਨਾਂ ਕਾਗਜ਼ਾਂ ਜਾਂ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰਦੇ ਹੋਏ ਕਰੀਬ 15 ਚਲਾਨ ਕੱਟੇ ਗਏ ਜਦਕਿ ਕੁਝ ਵਾਹਨ ਜ਼ਬਤ ਕੀਤੇ ਗਏ। ਇਸ ਤੋਂ ਇਲਾਵਾ ਵਾਹਨਾਂ 'ਤੇ ਲੱਗੇ ਨਾਜਾਇਜ਼ ਸਟਿੱਕਰ ਅਤੇ ਗਲਤ ਤਰੀਕੇ ਨਾਲ ਲਗਾਏ ਗਏ ਪ੍ਰੈਸ ਜਾਂ ਹੋਰ ਵਿਸ਼ੇਸ਼ ਅਧਿਕਾਰ ਦਰਸਾਉਂਦੇ ਨਿਸ਼ਾਨ ਵੀ ਹਟਾਏ ਗਏ। ਪੁਲਿਸ ਨੇ ਡਰਾਈਵਰਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਹੈਲਮੈਟ ਅਤੇ ਸੀਟ ਬੈਲਟ ਦੀ ਵਰਤੋਂ ਯਕੀਨੀ ਬਣਾਉਣ ਅਤੇ ਸ਼ੋਰ ਪ੍ਰਦੂਸ਼ਣ ਤੋਂ ਬਚਣ ਲਈ ਜਾਗਰੂਕ ਕੀਤਾ ਅਤੇ ਬੁਲਟ ਮੋਟਰਸਾਈਕਲ 'ਤੇ ਪਟਾਕੇ ਪਾਉਣ ਵਾਲੇ ਹੁਲੜਬਾਜ਼ਾਂ ਨੂੰ ਸਖਤ ਚੇਤਾਵਨੀ ਦਿੱਤੀ । ਡੀਐਸਪੀ ਕੁਲਵੰਤ ਸਿੰਘ ਮਾਨ ਨੇ ਕਿਹਾ ਕਿ ਅਜਿਹੀਆਂ ਚੈਕਿੰਗ ਮੁਹਿੰਮਾਂ ਆਗਾਮੀ ਸਮੇਂ ਵਿੱਚ ਵੀ ਜਾਰੀ ਰਹਿਣਗੀਆਂ ਤਾਂ ਜੋ ਇਲਾਕੇ ਵਿੱਚ ਅਮਨ-ਕਾਨੂੰਨ ਕਾਇਮ ਰਹੇ ਅਤੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਇਲਾਕਾ ਵਾਸੀਆਂ ਨੇ ਪੁਲਿਸ ਦੀ ਇਸ ਕਾਰਵਾਈ ਦੀ ਸਰਾਹਨਾ ਕੀਤੀ ਅਤੇ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ 'ਤੇ ਐਸ.ਐਚ.ਓ.ਧਾਰੀਵਾਲ ਮੈਡਮ ਦੀਪਿਕਾ, ਏ.ਐਸ.ਆਈ. ਹਰਿਜੰਦਰ ਸਿੰਘ, ਏ.ਐਸ.ਆਈ. ਰਮੇਸ਼ ਕੁਮਾਰ, ਏ.ਐਸ.ਆਈ. ਓਂਕਾਰ ਸਿੰਘ, ਏ.ਐਸ.ਆਈ. ਰਣਜੀਤ ਸਿੰਘ, ਜੇ. ਪੀ. ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਪੁਲਿਸ ਜਵਾਨ ਮੌਜੂਦ ਰਹੇ ।

ਪ੍ਰਹੇਜ਼ ਤੇ ਜਾਣਕਾਰੀ ਏਡਜ਼ ਦਾ ਇਲਾਜ : ਪ੍ਰੋਫੈਸਰ ਜਲਵੇੜਾ

ਮੰਡੀ ਗੋਬਿੰਦਗੜ੍ਹ, 19 ਫਰਵਰੀ (ਸੂਦ) : ਕਾਲਜ ਪੜ੍ਹਦੇ ਨੌਜਵਾਨ ਮੁੰਡੇ ਕੁੜੀਆਂ ਨੂੰ ਮਾਰੂ ਬਿਮਾਰੀਆਂ ਤੋਂ ਜਾਗਰੂਕ ਕਰਨ ਸਬੰਧੀ ਐਚ.ਆਈ.ਵੀ ਏਡਜ਼ ਸਬੰਧੀ ਜਵਾਹਰ ਲਾਲ ਨਹਿਰੂ ਸਰਕਾਰੀ ਕਾਲਜ ਤੂਰਾਂ 'ਚ ਇੱਕ ਸੈਮੀਨਾਰ ਪ੍ਰੋਫੈਸਰ ਧਰਮਜੀਤ ਜਲਵੇੜਾ ਦੀ ਅਗਵਾਈ ਹੇਠ ਕਰਵਾਇਆ ਗਿਆ। ਕਾਲਜ ਦੇ ਵਰਚੁਅਲ ਹਾਲ 'ਚ ਜੁੜੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਇਸ ਮਾਰੂ ਬਿਮਾਰੀ ਦਾ ਇਲਾਜ ਪਰਹੇਜ਼ ਅਤੇ ਜਾਣਕਾਰੀ ਹੈ, ਬੇਸ਼ੱਕ ਪੰਜਾਬ 'ਚ ਹੋਰ ਸੂਬਿਆਂ ਨਾਲੋਂ ਏਡਜ਼ ਮਰੀਜ਼ਾਂ ਦੀ ਗਿਣਤੀ ਘੱਟ ਹੈ ਅਤੇ ਹੋਰ ਘਟੀ ਹੈ ਪਰ ਫਿਰ ਵੀ ਚੌਕਸ ਰਹਿਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਲੋੜ ਪੈਣ 'ਤੇ ਮਰੀਜ਼ ਲਈ ਲਏ ਜਾਣ ਵਾਲ਼ੇ ਖੂਨ ਦੀ ਜਾਂਚ ਜ਼ਰੂਰੀ ਹੈ। ਇੱਕ ਸਰਿੰਜ ਦੀ ਦੁਬਾਰਾ ਵਰਤੋਂ ਨਹੀਂ ਕਰਨੀ ਚਾਹੀਦੀ ਅਤੇ ਜੀਵਨ ਸਾਥੀ ਦੇ ਪ੍ਰਤੀ ਵਫਾਦਾਰ ਬਣਨਾ ਇਸ ਬਿਮਾਰੀ ਤੋਂ ਬਚਾਉਂਦਾ ਹੈ। ਪ੍ਰੋਫੈਸਰ ਜਲਵੇੜਾ ਨੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਵਿਆਹ ਤੋਂ ਪਹਿਲਾਂ ਲੜਕੇ ਅਤੇ ਲੜਕੀ ਦਾ ਐਚ.ਆਈ.ਵੀ ਟੈਸਟ ਜ਼ਰੂਰੀ ਕੀਤਾ ਜਾਵੇ ਜੋ ਤੰਦਰੁਸਤ ਸਮਾਜ ਲਈ ਜ਼ਰੂਰੀ ਹੈ। ਇਸ ਮੌਕੇ ਕਾਲਜ ਅਧਿਆਪਕਾ ਪ੍ਰੋ. ਰੀਤੂ ਰਾਣੀ, ਪ੍ਰੋ. ਜਸਪ੍ਰੀਤ ਕੌਰ, ਪ੍ਰਿਤਪਾਲ ਸਿੰਘ ਅਤੇ ਜਗਜੀਤ ਸਿੰਘ ਨਰਾਇਣਗੜ੍ਹ ਆਦਿ ਮੌਜੂਦ ਸਨ।

ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ ਵਿਖੇ ਮਿਰਗੀ ਬਾਰੇ ਜਾਗਰੂਕਤਾ ਭਾਸ਼ਣ ਕਰਵਾਇਆ

ਮੰਡੀ ਗੋਬਿੰਦਗੜ੍ਹ, 19 ਫਰਵਰੀ (ਸੂਦ) : ਦੇਸ਼ ਭਗਤ ਆਯੁਰਵੈਦਿਕ ਕਾਲਜ ਅਤੇ ਹਸਪਤਾਲ ਮੰਡੀ ਗੋਬਿੰਦਗੜ੍ਹ ਵਿਖੇ ਫੋਰਟਿਸ ਹਸਪਤਾਲ ਦੇ ਸਹਿਯੋਗ ਨਾਲ ਡਾਇਰੈਕਟਰ ਡਾ. ਕੁਲਭੂਸ਼ਣ ਅਤੇ ਪ੍ਰਿੰਸੀਪਲ ਡਾ. ਹੇਮ ਰਾਜ ਦੀ ਅਗਵਾਈ ਹੇਠ ਮਿਰਗੀ ਬਾਰੇ ਜਾਗਰੂਕਤਾ ਭਾਸ਼ਣ ਕਰਵਾਇਆ ਗਿਆ। ਇਸ ਦਾ ਉਦੇਸ਼ ਵਿਦਿਆਰਥੀਆਂ ਅਤੇ ਫੈਕਲਟੀ ਵਿੱਚ ਮਿਰਗੀ, ਇਸਦੇ ਕਾਰਨ, ਰੋਕਥਾਮ ਅਤੇ ਪ੍ਰਬੰਧਨ ਬਾਰੇ ਜਾਗਰੂਕਤਾ ਕਰਨਾ ਸੀ। ਮੁੱਖ ਬੁਲਾਰੇ ਡਾ. ਸੌਰਵ ਅਗਰਵਾਲ, ਡੀਐਮ ਨਿਊਰੋਲੋਜੀ ਨੇ ਮਿਰਗੀ ਦੇ ਕਾਰਨ, ਲੱਛਣ, ਰੋਕਥਾਮ ਅਤੇ ਸਮੇਂ ਸਿਰ ਇਲਾਜ ਦੀ ਮਹੱਤਤਾ ਬਾਰੇ ਵਿਸਥਾਰ 'ਚ ਦੱਸਿਆ। ਉਨ੍ਹਾਂ ਇਸ ਸਬੰਧੀ ਜਾਗਰੂਕਤਾ ਫੈਲਾਉਣ ਅਤੇ ਬਿਮਾਰੀ ਨਾਲ ਸਬੰਧਤ ਮਿੱਥਾਂ ਨੂੰ ਦੂਰ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਇਸ ਮੌਕੇ ਡਾ: ਵਿਨਾਇਕ ਆਨੰਦੇ, ਪ੍ਰੋਫੈਸਰ ਕਾਯਾਚਿਕਿਤਸਾ ਵਿਭਾਗ, ਡਾ: ਸ਼ਾਰਦਿੰਦੂ ਸ਼ਰਮਾ ਪ੍ਰੋਫੈਸਰ, ਰੋਗ ਨਿਦਾਨ ਵਿਭਾਗ, ਡਾ: ਨਿਸ਼ਾਂਤ ਪਾਈਕਾ ਸਹਾਇਕ ਪ੍ਰੋਫੈਸਰ ਕਿਰਿਆ ਸ਼ਰੀਰ ਵਿਭਾਗ, ਡਾ: ਪੂਨਮ ਸਹਾਇਕ ਪ੍ਰੋਫੈਸਰ ਸ਼ਲਯ ਤੰਤਰ ਵਿਭਾਗ ਅਤੇ ਰਾਜ ਕੁਮਾਰ ਭਾਰਤੀ ਆਦਿ ਮੌਜੂਦ ਸਨ। ਇਹ ਲੈਕਚਰ ਇੰਟਰਐਕਟਿਵ ਸਵਾਲ-ਜਵਾਬ ਸੈਸ਼ਨ ਨਾਲ ਸਮਾਪਤ ਹੋਇਆ ਜਿੱਥੇ ਵਿਦਿਆਰਥੀਆਂ ਨੇ ਆਪਣੇ ਸ਼ੰਕਿਆਂ ਨੂੰ ਦੂਰ ਕੀਤਾ।

'ਡਾਇਣ' ਦੱਸ ਕੇ ਔਰਤ ਤੇ ਉਸ ਦੇ ਇੱਕ ਸਾਲ ਦੇ ਬੱਚੇ ਨੂੰ ਜ਼ਿੰਦਾ ਸਾੜਿਆ, ਚਾਰ ਕਾਬੂ

ਚਾਈਬਾਸਾ, 19 ਫਰਵਰੀ (ਚ.ਨ.ਸ.) : ਝਾਰਖੰਡ ਦੇ ਪੱਛਮੀ ਸਿੰਘਭੂਮ ਜ਼ਿਲ੍ਹੇ ਵਿਚ 'ਡਾਇਣ' ਕਰਾਰ ਦਿੰਦੇ ਹੋਏ 32 ਸਾਲਾ ਇਕ ਔਰਤ ਅਤੇ ਉਸ ਦੇ ਇਕ ਸਾਲ ਦੇ ਬੱਚੇ ਨੂੰ ਜ਼ਿੰਦਾ ਸਾੜ ਦਿੱਤਾ ਗਿਆ। ਪੁਲਿਸ ਅਨੁਸਾਰ, ਕੁਮਾਰਗੀ ਥਾਣੇ ਦੇ ਇਲਾਕੇ ਦੇ ਇਕ ਪਿੰਡ ਵਿਚ ਮੰਗਲਵਾਰ ਦੇਰ ਰਾਤ ਹੋਈ ਇਸ ਘਟਨਾ ਵਿਚ ਔਰਤ ਦਾ ਪਤੀ ਵੀ ਜ਼ਖਮੀ ਹੋ ਗਿਆ ਪਰ ਉਹ ਕਿਸੇ ਤਰ੍ਹਾਂ ਜਾਨ ਬਚਾ ਕੇ ਭੱਜ ਨਿਕਲਿਆ। ਪੁਲਿਸ ਨੇ ਇਸ ਸਬੰਧ ਵਿਚ 4 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਔਰਤ ਦੇ ਪਤੀ ਨੇ ਆਪਣੀ ਸ਼ਿਕਾਇਤ ਵਿਚ ਇਹ ਦੋਸ਼ ਲਗਾਇਆ ਹੈ ਕਿ ਅੱਧੀ ਰਾਤ ਨੂੰ ਕੁਝ ਲੋਕਾਂ ਵੱਲੋਂ ਉਸ ਨੂੰ ਅਤੇ ਉਸ ਦੀ ਪਤਨੀ ਨੂੰ ਪੁਕਾਰਨ ਦੀ ਆਵਾਜ਼ ਸੁਣ ਕੇ ਉਸ ਦੀ ਨੀਂਦ ਖੁੱਲ੍ਹੀ। ਜਦੋਂ ਉਹ ਬਾਹਰ ਨਿਕਲਿਆ ਤਾਂ ਉਸ ਨੇ ਦੇਖਿਆ ਕਿ ਕਰੀਬ ਇਕ ਦਰਜਨ ਵਿਅਕਤੀ ਇਕੱਠੇ ਸਨ ਅਤੇ ਉਸ ਦੀ ਪਤਨੀ 'ਤੇ ਜਾਦੂ-ਟੂਣਾ ਕਰਨ ਦਾ ਦੋਸ਼ ਲਗਾ ਰਹੇ ਸਨ । ਹੰਗਾਮੇ ਦੇ ਦਰਮਿਆਨ ਭੀੜ ਨੇ ਉਸ ਦੀ ਪਤਨੀ 'ਤੇ ਮਿੱਟੀ ਦਾ ਤੇਲ ਪਾਇਆ ਅਤੇ ਉਸ ਨੂੰ ਅੱਗ ਲਗਾ ਦਿੱਤੀ।

ਇਸ ਦੌਰਾਨ ਔਰਤ ਦੀ ਗੋਦ ਵਿਚ ਉਸ ਦਾ ਇਕ ਸਾਲ ਦਾ ਬੱਚਾ ਵੀ ਸੀ। ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਸਿੱਧੂ ਮੂਸੇਵਾਲਾ ਕਤਲ ਕਾਂਡ 'ਚ ਸ਼ਾਮਲ 'ਬੌਬੀ ਕਬੂਤਰ' ਗ੍ਰਿਫ਼ਤਾਰ

ਨਵੀਂ ਦਿੱਲੀ, 19 ਫਰਵਰੀ (ਚ.ਨ.ਸ.) : ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਬੁੱਧਵਾਰ ਮਹਿਫੂਜ਼ ਅਲੀ ਉਰਫ਼ 'ਬੌਬੀ ਕਬੂਤਰ' ਨੂੰ ਗ੍ਰਿਫ਼ਤਾਰ ਕੀਤਾ ਜੋ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਸਮੇਤ ਕਈ ਵੱਡੇ ਅਪਰਾਧਿਕ ਮਾਮਲਿਆਂ 'ਚ ਸ਼ਾਮਲ ਹੈ। ਕਿ ਇਕ ਅਧਿਕਾਰੀ ਨੇ ਦੱਸਿਆ 'ਬੌਬੀ ਕਬੂਤਰ' ਜੋ ਪਿਛਲੇ ਸਾਲ 16 ਦਸੰਬਰ ਨੂੰ 2 ਭਰਾਵਾਂ ਜ਼ੀਲ ਤੇ ਨਦੀਮ ਦੇ ਬੇਰਹਿਮੀ ਨਾਲ ਹੋਏ ਕਤਲ 'ਚ ਕਥਿਤ ਸ਼ਮੂਲੀਅਤ ਪਿੱਛੋਂ ਫਰਾਰ ਸੀ, ਨੂੰ ਪੁਲਿਸ ਨੇ ਇੱਕ ਗੁਪਤ ਕਾਰਵਾਈ ਦੌਰਾਨ ਮਹੀਪਾਲਪੁਰ 'ਚ ਗ੍ਰਿਫ਼ਤਾਰ ਕੀਤਾ। ਦੋਹਾਂ ਭਰਾਵਾਂ ਨੂੰ 48 ਗੋਲੀਆਂ ਮਾਰੀਆਂ ਗਈਆਂ ਸਨ। ਉਸ ਨੂੰ ਮਹੀਪਾਲਪੁਰ 'ਚ ਇਕ ਮਹਿਲਾ ਸਾਥੀ ਤੇ 2 ਹੋਰ ਆਦਮੀਆਂ ਨਾਲ ਇਕ ਐੱਸ.ਯੂ. ਵੀ. 'ਚ ਸਫਰ ਕਰਦੇ ਸਮੇਂ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਸੂਤਰਾਂ ਨੇ/ਦੱਸਿਆ ਕਿ ਖਾਸ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਸਪੈਸ਼ਲ ਸੈੱਲ ਦੀ ਕਾਊਂਟਰ ਇੰਟੈਲੀਜੈਂਸ ਯੂਨਿਟ ਦੀ ਇਕ ਟੀਮ ਨੇ ਮਹੀਪਾਲਪੁਰ ਨੇੜੇ ਜਾਲ ਵਿਛਾਇਆ ਤੇ ਬੌਬੀ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ। ਐੱਸ. ਯੂ. ਵੀ. 'ਚ ਸਵਾਰ ਵਿਅਕਤੀਆਂ ਤੋਂ ਹਥਿਆਰ ਜ਼ਬਤ ਕੀਤੇ ਗਏ। ਉਨ੍ਹਾਂ ਵਿਰੁੱਧ ਅਸਲਾ ਐਕਟ ਅਧੀਨ ਕੇਸ ਦਰਜ ਕੀਤਾ ਗਿਆ ਹੈ । ਬੌਬੀ ਕਬੂਤਰ ਕਈ ਅਪਰਾਧਿਕ ਮਾਮਲਿਆਂ 'ਚ ਲੋੜੀਂਦਾ ਹੈ। ਇਨ੍ਹਾਂ 'ਚ 6 ਕਤਲ ਸ਼ਾਮਲ ਹਨ।

2023 'ਚ ਨਵਰਾਹੀ ਨੂੰ ਮਿਲਿਆ ਸੀ ਬਿਸਮਿਲ ਫ਼ਰੀਦਕੋਟੀ ਐਵਾਰਡ

ਫਰੀਦਕੋਟ, 19 ਫਰਵਰੀ (ਚ.ਨ.ਸ.): ਪੰਜਾਬੀ ਦੇ ਪ੍ਰਸਿੱਧ ਕਵੀ ਮਰਹੂਮ ਨਵਰਾਹੀ ਘੁਗਿਆਣਵੀ ਦਾ ਬੁੱਧਵਾਰ ਨੂੰ ਦੇਹਾਂਤ ਹੋ ਗਿਆ। ਉਨ੍ਹਾਂ ਦਾ ਅੰਤਮ ਸਸਕਾਰ 19 ਫਰਵਰੀ ਵੀਰਵਾਰ ਨੂੰ ਸ਼ਾਮ ਤਿੰਨ ਵਜੇ ਡੋਗਰ ਬਸਤੀ ਵਾਲੇ ਸ਼ਮਸ਼ਾਨਘਾਟ 'ਚ ਹੋਵੇਗਾ। ਨਵਰਾਹੀ ਘੁਗਿਆਣਵੀ ਦਾ ਜਨਮ 11/ਅਗਸਤ 1937 ਨੂੰ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਘੁਗਿਆਣਾ 'ਚ ਮੇਹਰ ਸਿੰਘ ਬਰਾੜ ਤੇ ਕਰਤਾਰ ਕੌਰ ਦੇ ਘਰ ਹੋਇਆ ਸੀ। ਉਨ੍ਹਾਂ ਦਾ ਅਸਲੀ ਨਾਮ ਫੌਜਾ ਸਿੰਘ ਬਰਾੜ ਸੀ। ਜਦਕਿ ਸਾਹਿਤੀ ਦੁਨੀਆ 'ਚ ਉਹ 'ਨਵਰਾਹੀ - ਘੁਗਿਆਣਵੀਂ ਦੇ ਨਾਂ ਨਾਲ ਪ੍ਰਸਿੱਧ ਹੋਏ। ਉਹ ਪ੍ਰ

ਮਾਝਾ-ਦੁਆਬਾ

ਆਸ ਪਾਸ

ਪਿਆਰ ਦੀ ਸੱਚੀ ਮੂਰਤ ਹੈ ਨਰੇਸ਼ ਗੋਇਲ ਕਿੱਟੂ

ਮੋਗਾ, 19 ਫਰਵਰੀ (ਨਿਸ਼ੀ ਮਨਚੰਦਾ): ਮੋਗਾ ਦੇ ਪ੍ਰਸਿੱਧ ਵਪਾਰੀ ਅਤੇ ਬਿਜਨਸਮੈਨ ਨਰੇਸ਼ ਗੋਇਲ ਕਿੱਟੂ ਜਿਨ੍ਹਾਂ ਨੂੰ ਮੋਗਾ ਦਾ ਬੱਚਾ-ਬੱਚਾ ਜਾਣਦਾ ਹੈ। ਇਹ ਪਿਆਰ ਦੀ ਸੱਚੀ ਮੂਰਤ ਹੈ, ਨਰੇਸ਼ ਗੋਇਲ ਕਿੱਟੂ ਦਾ ਚਾਵਲਾਂ ਦਾ ਵਪਾਰ ਇਕੱਲਾ ਭਾਰਤ ਵਿੱਚ ਨਹੀਂ ਸਗੋਂ ਬਾਹਰਲੇ ਦੇਸ਼ਾਂ ਵਿੱਚ ਵੀ ਫੈਲਿਆ ਹੋਇਆ ਹੈ, ਪਰ ਨਰੇਸ਼ ਗੋਇਲ ਕਿੱਟੂ ਫਿਰ ਵੀ ਉਹਨਾਂ ਦੇ ਪੈਰ ਧਰਤੀ ਨਾਲ ਜੁੜੇ ਹੋਏ ਹਨ,ਹਰ ਵੇਲੇ ਮੂੰਹ ਪਰ ਹਾਸਾ ਅਤੇ ਆਪਣੇ ਵਰਕਰਾਂ ਨੂੰ ਵੀ ਦਿਲੋਂ ਪਿਆਰ ਕਰਦੇ ਹਨ। ਨਰੇਸ਼ ਗੋਇਲ ਕਿੱਟੂ ਨੇ ਕਦੇ ਵੀ ਜਦੋਂ ਪੰਜਾਬ ਦੇ ਉੱਤੇ ਕੋਈ ਵੀ ਆਫਤਾਂ ਆਈਆਂ, ਤਾਂ ਸਭ ਤੋਂ ਅੱਗੇ ਹੋ ਕੇ ਆਪਣਾ ਫਰਜ਼ ਨਿਭਾਇਆ। ਸਿਹਤ ਦੇ ਖੇਤਰ ਵਿੱਚ ਨਰੇਸ਼ ਗੋਇਲ ਕਿੱਟੂ ਦੀ ਭੂਮਿਕਾ ਕਾਬਿਲੇ ਤਰੀਫ ਹੈ। ਉਹਨਾਂ ਨੇ ਕਈ ਵਾਰ ਮੁਫਤ ਮੈਡੀਕਲ ਕੈਂਪ ਅਤੇ ਦਵਾਈਆਂ ਦਾ ਸਹਿਯੋਗ ਦਿੱਤਾ। ਉਹਨਾਂ ਦਾ ਕਹਿਣਾ ਹੈ, ਇੱਕ ਸਿਹਤਵੰਦ ਸਮਾਜ ਹੀ ਤਰੱਕੀ ਸ਼ੀਲ ਸਮਾਜ ਹੁੰਦਾ ਹੈ। ਨਰੇਸ਼ ਗੋਇਲ ਕਿੱਟੂ ਨੌਜਵਾਨ ਪੀੜ੍ਹੀ ਨੂੰ ਸਮਾਜ ਨਾਲ ਜੋੜਨ ਲਈ ਪ੍ਰੇਰਤ ਕੀਤਾ ਹੈ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਇੱਕ ਜਾਗਰੂਕ ਅਤੇ ਸਵੇਦਨਸ਼ੀਲ ਸਮਾਜ ਦੀ ਰਚਨਾ ਹੋ ਸਕੇ। ਉਹਨਾਂ ਦੀ ਨਿਸ਼ਕਾਮ ਸੇਵਾ ਅਤੇ ਸੱਚੀ ਨੀਅਤ ਹੀ ਉਹਨਾਂ ਨੂੰ ਲੋਕਾਂ ਨੇ ਦਿਲਾਂ ਵਿੱਚ ਖ਼ਾਸ ਥਾਂ ਦਿਵਾਉਂਦੀ ਹੈ।

ਡਾ. ਕਰਮਜੀਤ ਸਿੰਘ 'ਡਾ. ਮਹਿੰਦਰ ਸਿੰਘ ਰੰਧਾਵਾ ਪੁਰਸਕਾਰ' ਨਾਲ ਸਨਮਾਨਿਤ

` ਦਿਹਾਤੀ ਅਤੇ ਸਰਹੱਦੀ ਖੇਤਰਾਂ ਤਕ ਸਿੱਖਿਆ ਦੀ ਉਪਲੱਬਧਤਾ ਲਈ ਕੀਤੇ ਜਾ ਰਹੇ ਕਾਰਜਾਂ ਕਰਕੇ ਹੋਇਆ ਸਨਮਾਨ

ਅੰਮ੍ਰਿਤਸਰ, 19 ਫਰਵਰੀ (ਗੁਰਦਿਆਲ ਸਿੰਘ): ਕਾਮਰੇਡ ਉਜਾਗਰ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਆਯੋਜਿਤ 17ਵੇਂ ਕੌਮਾਂਤਰੀ ਸੱਭਿਆਚਾਰਕ ਮੇਲੇ ਦੌਰਾਨ ਵਿਭਿੰਨ ਖੇਤਰਾਂ ਦੀਆਂ ਉੱਘੀਆਂ ਸ਼ਖਸੀਅਤਾਂ ਦੀ ਹਾਜ਼ਰੀ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੂੰ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਲਈ ਡਾ. ਮਹਿੰਦਰ ਸਿੰਘ ਰੰਧਾਵਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਪੰਜਾਬ ਅਤੇ ਪੰਜਾਬੀ ਭਾਸ਼ਾ ਲਈ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਦਿੱਤਾ ਜਾਂਦਾ ਹੈ।ਫਾਊਂਡੇਸ਼ਨ ਵੱਲੋਂ ਡਾ. ਕਰਮਜੀਤ ਸਿੰਘ ਦੀਆਂ ਉਹਨਾਂ ਸੇਵਾਵਾਂ ਦੀ ਪ੍ਰਸੰਸਾ ਕੀਤੀ ਗਈ, ਜਿਨ੍ਹਾਂ ਰਾਹੀਂ ਦਿਹਾਤੀ ਅਤੇ ਸਰਹੱਦੀ ਇਲਾਕਿਆਂ ਦੇ ਵਿਦਿਆਰਥੀਆਂ ਲਈ ਕੀਤੇ ਜਾ ਰਹੇ ਅਹਿਮ ਕਾਰਜਾਂ ਅਤੇ ਮੁਹੱਈਆ ਕਰਵਾਈਆਂ ਜਾ ਰਹੀਆਂ ਹੋਰ ਸੁਵਿਧਾਵਾਂ ਨੂੰ ਧਿਆਨ ਵਿੱਚ ਰੱਖਿਆ ਗਿਆ। ਉਨ੍ਹਾਂ ਦੀ ਅਗਵਾਈ ਹੇਠ ਉਚੇਰੀ ਸਿੱਖਿਆ ਨੂੰ ਆਮ ਘਰਾਂ ਤੱਕ ਪਹੁੰਚਾਉਣ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਪ੍ਰੋਤਸਾਹਨ ਦੇਣ ਅਤੇ ਪਿੰਡ ਪੱਧਰ ਦੇ ਵਿਦਿਆਰਥੀਆਂ ਨੂੰ ਅੱਗੇ ਵਧਾਉਣ ਲਈ ਕੀਤੀਆਂ ਪਹਿਲਕਦਮੀਆਂ ਨੂੰ ਵਿਸ਼ੇਸ਼ ਤੌਰ 'ਤੇ ਉਜਾਗਰ ਕੀਤਾ ਗਿਆ।ਵਾਈਸ ਚਾਂਸਲਰ ਦਾ ਇਹ ਸਨਮਾਨ ਪੰਜਾਬ ਸਰਕਾਰ ਦੇ ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਪ੍ਰਸਿੱਧ ਸਮਾਜ ਸੇਵੀ ਐਸ.ਪੀ. ਸਿੰਘ ਓਬਰਾਏ ਵੱਲੋਂ ਕੀਤਾ ਗਿਆ। ਪੁਰਸਕਾਰ ਵਿੱਚ ਯਾਦਗਾਰੀ ਚਿੰਨ੍ਹ, ਕਿਤਾਬਾਂ ਅਤੇ ਸ਼ਾਲ ਆਦਿ ਸ਼ਾਮਲ ਸਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਪੰਜਾਬੀ ਸੱਭਿਆਚਾਰ ਦਾ ਅਹਿਮ ਹਿੱਸਾ ਰਹੇ ਲੋਕ ਮੇਲੇ ਹੌਲੀ-ਹੌਲੀ ਅਲੋਪ ਹੁੰਦੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਥਾਂ ਪ੍ਰੋਫੈਸ਼ਨਲ ਮੇਲੇ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਮੇਲਿਆਂ ਦੀ ਜੋ ਮਹੱਤਤਾ ਪੰਜਾਬੀ ਸੱਭਿਆਚਾਰ ਵਿੱਚ ਹੈ, ਉਸਦਾ ਕੋਈ ਬਦਲ ਨਹੀਂ ਹੈ। ਇਹ ਮੇਲੇ ਸਿਰਫ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਸਮਾਜਕ ਚੇਤਨਾ ਅਤੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਦਾ ਮੰਚ ਵੀ ਹਨ।ਉਨ੍ਹਾਂ ਮੇਲੇ ਦੇ ਆਯੋਜਕ ਦਿਲਬਾਗ ਸਿੰਘ ਅਤੇ ਸਮੂਹ ਪ੍ਰਬੰਧਕ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਸਮਾਗਮਾਂ ਰਾਹੀਂ ਇਲਾਕੇ ਦੇ ਲੋਕ ਆਪਣੀ ਵਿਰਾਸਤ ਨਾਲ ਜੁੜਦੇ ਹਨ, ਦੇਸ਼ਭਗਤੀ ਦੇ ਜਜ਼ਬੇ ਨੂੰ ਤਾਜ਼ਾ ਕਰਦੇ ਹਨ ਅਤੇ ਨਵੀਂ ਪੀੜ੍ਹੀ ਨੂੰ ਸੰਸਕਾਰਾਂ ਨਾਲ ਜੋੜਿਆ ਜਾਂਦਾ ਹੈ।ਮੇਲੇ ਦੌਰਾਨ ਰੰਗਾਰੰਗ ਸਭਿਆਚਾਰਕ ਪ੍ਰਸਤੁਤੀਆਂ ਨੇ ਦਰਸ਼ਕਾਂ ਨੂੰ ਮੋਹ ਲਿਆ ਅਤੇ ਪੰਜਾਬੀ ਵਿਰਾਸਤ ਦੀ ਝਲਕ ਪੇਸ਼ ਕੀਤੀ ਗਈ।

ਖੋਸਾ ਕੋਟਲਾ ਦੇ ਕਬੱਡੀ ਕੱਪ ਦੀਆਂ ਤਿਆਰੀਆਂ ਮੁਕੰਮਲ

ਕੋਟ ਈਸੇ ਖਾਂ, 19 ਫਰਵਰੀ (ਹਰਜੀਤ ਛਾਬੜਾ/ਗੁਰਦੇਵ ਖੁਰਾਣਾ) : ਇੱਥੋਂ ਨੇੜਲੇ ਪਿੰਡ ਖੋਸਾ ਕੋਟਲਾ ਵਿਖੇ ਹਰ ਸਾਲ ਕਬੱਡੀ ਟੂਰਨਾਮੈਂਟ ਇਲਾਕੇ ਦੀ ਮਹਾਨ ਧਾਰਮਿਕ ਸ਼ਖਸ਼ੀਅਤ ਸੰਤ ਬਾਬਾ ਫਤਿਹ ਸਿੰਘ ਜੀ ਦੀ ਰਹਿਨੁਮਾਈ ਹੇਠ ਕਰਵਾਇਆ ਜਾਂਦਾ ਰਿਹਾ ਹੈ, ਬਾਬਾ ਫਤਿਹ ਸਿੰਘ ਜੀ ਦੇ ਕੁਝ ਸਾਲ ਪਹਿਲਾਂ ਸੱਚਖੰਡ ਪਿਆਨਾ ਕਰਨ ਤੋਂ ਬਾਅਦ ਉਹਨਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਇਹ ਟੂਰਨਾਮੈਂਟ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ ਖੋਸਾ ਕੋਟਲਾ ਦੇ ਮੌਜੂਦਾ ਮੁੱਖ ਸੇਵਾਦਾਰ ਸੰਤ ਬਾਬਾ ਗੁਰਮੀਤ ਸਿੰਘ ਜੀ ਦੀ ਅਗਵਾਈ ਹੇਠ ਕਰਵਾਇਆ ਜਾਂਦਾ ਹੈ। ਇਸ ਕਬੱਡੀ ਕੱਪ ਸਬੰਧੀ ਜਾਣਕਾਰੀ ਦਿੰਦਿਆਂ ਸਪੋਰਟਸ ਕਲੱਬ ਖੋਸਾ ਕੋਟਲਾ ਦੇ ਪ੍ਰਧਾਨ ਨਿਰਮਲ ਸਿੰਘ ਕਲੇਰ, ਅੰਗਰੇਜ਼ ਸਿੰਘ, ਸਤਨਾਮ ਸਿੰਘ ਤੂਰ, ਦਵਿੰਦਰ ਸਿੰਘ ਲਾਣੇ ਵਾਲੇ, ਕਮਲਪ੍ਰੀਤ ਸਿੰਘ, ਰਾਜਵਿੰਦਰ ਸਿੰਘ ਰਾਜੂ, ਬਲਤੇਜ ਸਿੰਘ ਤੇ ਗੁਰਪਾਲ ਸਿੰਘ ਨੇ ਦੱਸਿਆ ਕਿ ਸ਼ਹੀਦ ਗੁਰਦਰਸ਼ਨ ਸਿੰਘ ਸਪੋਰਟਸ ਕਲੱਬ ਵੱਲੋਂ ਐਨਆਰਆਈ ਭਰਾਵਾਂ, ਸਮੂਹ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਕਬੱਡੀ ਟੂਰਨਾਮੈਂਟ ਬੜੇ ਹਰਸ਼ੋ-ਉਲਾਸ ਤੇ ਉਤਸ਼ਾਹ ਨਾਲ ਕਰਵਾਇਆ ਜਾਂਦਾ ਹੈ। ਇਸ ਕਬੱਡੀ ਟੂਰਨਾਮੈਂਟ ਵਿੱਚ ਪੰਜਾਬ ਭਰ ਦੀਆਂ ਵੱਡੀਆਂ ਮਸ਼ਹੂਰ ਕਬੱਡੀ ਅਕੈਡਮੀਆਂ, ਓਪਨ ਕਬੱਡੀ ਤੇ ਪਿੰਡਾਂ ਦੀਆਂ ਕਬੱਡੀ ਟੀਮਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਵਾਰ ਇਹ ਟੂਰਨਾਮੈਂਟ 23 24 ਅਤੇ 25 ਫਰਵਰੀ ਦਿਨ ਸੋਮ, ਮੰਗਲ ਤੇ ਬੁੱਧਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਕਬੱਡੀ ਟੂਰਨਾਮੈਂਟ ਵਿੱਚ ਕਬੱਡੀ ਆਲ ਓਪਨ ਦੀਆਂ 6 ਟੀਮਾਂ, ਕਬੱਡੀ ਓਪਨ ਦੀਆਂ 16 ਟੀਮਾਂ ਤੋਂ ਇਲਾਵਾ ਕਬੱਡੀ 70 ਕਿਲੋ, ਕਬੱਡੀ 53 ਕਿਲੋ ਅਤੇ ਕਬੱਡੀ 42 ਕਿਲੋ ਦੇ ਵੀ ਮੁਕਾਬਲੇ ਕਰਵਾਏ ਜਾ ਰਹੇ ਹਨ। ਟੂਰਨਾਮੈਂਟ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਵਾਰ ਇਸ ਟੂਰਨਾਮੈਂਟ ਵਿੱਚ ਇੱਕ ਨਵੀਂ ਖੇਡ ਪੈਰਾਂ ਭਾਰ ਬੈਠਣਦੇ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ।

ਕਵੀ ਸ਼ਾਹ ਮੁਹੰਮਦ ਦੀ ਯਾਦ ਵਿੱਚ ਵਿਸ਼ਾਲ ਕਬੱਡੀ ਕੱਪ ਭਲਕੇ

ਮਜੀਠਾ, 19 ਫਰਵਰੀ (ਅਸ਼ਵਨੀ ਨਈਅਰ):ਪਿੰਡ ਵਡਾਲਾ ਵੀਰਮ ਭੋਮਾ ਦੇ ਕਵੀ ਸ਼ਾਹ ਮੁਹੰਮਦ ਖੇਡ ਸਟੇਡੀਅਮ ਵਿੱਚ ਪੰਜਾਬੀ ਸਾਹਿਤ ਦੇ ਪ੍ਰਸਿੱਧ ਰਾਸ਼ਟਰੀ ਕਵੀ ਸ਼ਾਹ ਮੁਹੰਮਦ ਦੀ ਯਾਦ ਵਿੱਚ ਵਿਸ਼ਾਲ ਕਬੱਡੀ ਕੱਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਯਾਦਗਾਰੀ ਕਬੱਡੀ ਕੱਪ ਪਿੰਡ ਵਡਾਲਾ ਵੀਰਮ ਭੋਮਾ ਦੀ ਸਮੁੱਚੀ ਪੰਚਾਇਤ ਅਤੇ ਨੌਜਵਾਨਾਂ ਵੱਲੋਂ ਐਨਆਰਆਈ ਭਰਾਵਾਂ ਦੇ ਸਹਿਯੋਗ ਨਾਲ 21 ਫਰਵਰੀ 2026 ਨੂੰ ਕਰਵਾਇਆ ਜਾਵੇਗਾ। ਕਵੀ ਸ਼ਾਹ ਮੁਹੰਮਦ (1780-1862), ਜੋ ਵਡਾਲਾ ਵੀਰਮ ਦੇ ਵਾਸੀ ਸਨ ਤੇ ਆਪਣੀ ਮਸ਼ਹੂਰ ਰਚਨਾ 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਲਈ ਜਾਣੇ ਜਾਂਦੇ ਹਨ। ਜਿਸ 'ਤੇ ਉਨ੍ਹਾਂ ਦੀ ਯਾਦ ਵਿੱਚ ਇਹ ਕਬੱਡੀ ਮੁਕਾਬਲਾ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਚਾਰ ਮਜ਼ਬੂਤ ਅੰਤਰਰਾਸ਼ਟਰੀ ਕਬੱਡੀ ਕਲੱਬ ਟੀਮਾਂ ਹਿੱਸਾ ਲੈਣਗੀਆਂ। ਇਸ ਦੀ ਜਾਣਕਾਰੀ ਦਿੰਦਿਆਂ ਪਿੰਡ ਦੇ ਸਰਪੰਚ ਚਰਨਜੀਤ ਸਿੰਘ ਵਡਾਲਾ ਅਤੇ ਕਲੱਬ ਪ੍ਰਧਾਨ ਨੇ ਦੱਸਿਆ ਕਿ ਇਸ ਕਬੱਡੀ ਕੱਪ ਵਿੱਚ ਸੰਤ ਬਾਬਾ ਹਜ਼ਾਰਾ ਸਿੰਘ ਕਬੱਡੀ ਕਲੱਬ ਪੰਜਾਬ ਲਾਇੰਜ਼, ਬਾਬਾ ਬੁੱਢਾ ਸਾਹਿਬ ਕਬੱਡੀ ਕਲੱਬ ਰਮਦਾਸ, ਸ਼ਹੀਦ ਬਾਬਾ ਦੀਪ ਸਿੰਘ ਜੀ ਕਬੱਡੀ ਕਲੱਬ ਤੇਜਾ ਸਿੰਘ ਵਾਲਾ ਅਤੇ ਨਾਨਕਸਰ ਕਬੱਡੀ ਕਲੱਬ ਗੁਰਦਾਸਪੁਰ ਟੀਮਾ ਭਾਗ ਲੈਣਗੀਆਂ। ਇਨਾਮ ਰਾਸ਼ੀ ਵੀ ਬਹੁਤ ਆਕਰਸ਼ਕ ਰੱਖੀ ਗਈ ਹੈ, ਜਿਸ ਵਿੱਚ ਪਹਿਲੇ ਨੰਬਰ 'ਤੇ ਆਉਣ ਵਾਲੀ ਵਿਜੇਤਾ ਟੀਮ ਨੂੰ 1 ਲੱਖ 31 ਹਜ਼ਾਰ ਰੁਪਏ, ਦੂਜੇ ਨੰਬਰ ਵਾਲੀ ਨੂੰ 1 ਲੱਖ 21 ਹਜ਼ਾਰ ਰੁਪਏ ਅਤੇ ਤੀਜੇ ਤੇ ਚੌਥੇ ਨੰਬਰ ਵਾਲੀਆਂ ਟੀਮਾਂ ਨੂੰ ਇੱਕ-ਇੱਕ ਲੱਖ ਰੁਪਏ ਦਿੱਤੇ ਜਾਣਗੇ। ਇਸ ਤੋਂ ਇਲਾਵਾ, ਚਾਰਾਂ ਟੀਮਾਂ ਵਿੱਚੋਂ ਬੈਸਟ ਜਾਫੀ ਅਤੇ ਬੈਸਟ ਰੇਡਰ ਨੂੰ ਕਵੀ ਸ਼ਾਹ ਮੁਹੰਮਦ ਕਲੱਬ ਵੱਲੋਂ 21-21 ਹਜ਼ਾਰ ਰੁਪਏ ਦੇ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ। ਖਾਸ ਗੱਲ ਇਹ ਹੈ ਕਿ ਇਸ ਕੱਪ ਦੌਰਾਨ ਅੰਤਰਰਾਸ਼ਟਰੀ ਪੱਧਰ ਦੇ ਮਸ਼ਹੂਰ ਕਬੱਡੀ ਖਿਡਾਰੀ ਢੋਲਾ ਅੰਮ੍ਰਿਤਸਰੀਆ (ਧਰਮਿੰਦਰ ਢੋਲਾ) ਨੂੰ ਸਕਾਰਪੀਓ ਗੱਡੀ ਨਾਲ ਅਤੇ ਉੱਘੇ ਖਿਡਾਰੀ ਅਵੀ ਵਡਾਲਾ ਨੂੰ ਮੋਟਰਸਾਈਕਲ ਨਾਲ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਉਕਤ ਆਗੂਆਂ ਨੇ ਕਬੱਡੀ ਪ੍ਰੇਮੀਆਂ ਅਤੇ ਸਥਾਨਕ ਲੋਕਾਂ ਨੂੰ ਇਸ ਵਿਸ਼ਾਲ ਮੁਕਾਬਲੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਅਸ਼ਮਿਤਾ ਟ੍ਰੈਕ ਸਾਈਕਲਿੰਗ ਲੀਗ ਵਿੱਚ ਉੱਤਰੀ ਭਾਰਤ ਦੇ ਅੱਠ ਰਾਜਾਂ ਦੀਆਂ ਮਹਿਲਾ ਸਾਈਕਲ ਸਵਾਰਾਂ ਨੇ ਦਿਖਾਈ ਆਪਣੀ ਪ੍ਰਤਿਭਾ

ਅੰਮ੍ਰਿਤਸਰ, 19 ਫਰਵਰੀ (ਗੁਰਦਿਆਲ ਸਿੰਘ/ਬਬਲੂ ਮਹਾਜਨ) :ਅੰਮ੍ਰਿਤਸਰ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਸਾਈਕਲਿੰਗ ਵੈਲੋਡਰਮ ਵਿੱਚ ਅਸ਼ਮਿਤਾ ਮਹਿਲਾ ਟ੍ਰੈਕ ਸਾਈਕਲਿੰਗ ਲੀਗ ਦੀ ਸ਼ੁਰੂਆਤ ਹੋਈ। ਇਸ ਖੇਲੋ ਇੰਡੀਆ ਲੀਗ ਦਾ ਉਦਘਾਟਨ ਡੀ.ਐਸ.ਈ. ਅੰਮ੍ਰਿਤਸਰ ਆਸ਼ੂ ਵਿਸ਼ਾਲ ਤੇ ਸਾਈਕਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਸਹਾਇਕ ਸਕੱਤਰ ਨੀਰਜ ਤੰਵਰ ਨੇ ਕੀਤਾ।ਇਸ ਲੀਗ ਮੁਕਾਬਲੇ ਵਿੱਚ ਪੂਰੇ ਉੱਤਰੀ ਭਾਰਤ ਦੇ ਅੱਠ ਰਾਜਾਂ ਦੀਆਂ ਮਹਿਲਾ ਸਾਈਕਲ ਸਵਾਰਾਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ ਦੇ ਨਾਰਥ ਜ਼ੋਨ ਇੰਚਾਰਜ ਅਤੇ ਸਹਾਇਕ ਸਕੱਤਰ ਨੀਰਜ ਤੰਵਰ ਨੇ ਦੱਸਿਆ ਕਿ ਇਹ ਪ੍ਰਤੀਯੋਗਿਤਾ ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ, ਸਪੋਰਟਸ ਅਥਾਰਟੀ ਆਫ਼ ਇੰਡੀਆ (ਐਸਏਆਈ) ਅਤੇ ਸਾਈਕਲਿੰਗ ਫੈਡਰੇਸ਼ਨ ਆਫ਼ ਇੰਡੀਆ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ।ਅੱਜ ਦੇ ਮੁਕਾਬਲਿਆਂ ਵਿੱਚ ਹਰਿਆਣਾ, ਪੰਜਾਬ, ਰਾਜਸਥਾਨ, ਉੱਤਰ ਪ੍ਰਦੇਸ਼, ਦਿੱਲੀ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਚੰਡੀਗੜ੍ਹ ਤੋਂ ਮਹਿਲਾ ਸਾਈਕਲ ਸਵਾਰਾਂ ਨੇ ਹਿੱਸਾ ਲਿਆ। ਉਹਨਾਂ ਕਿਹਾ ਕਿ ਅੱਜ ਸਬ-ਜੂਨੀਅਰ ਅਤੇ ਜੂਨੀਅਰ ਵਰਗ ਦੀਆਂ ਮਹਿਲਾ ਸਾਈਕਲ ਸਵਾਰਾਂ ਵਿਚਕਾਰ ਰੋਮਾਂਚਕ ਮੁਕਾਬਲੇ ਦੇਖਣ ਨੂੰ ਮਿਲੇ। ਨੀਰਜ ਤੰਵਰ ਨੇ ਹੋਰ ਦੱਸਿਆ ਕਿ ਜੇਤੂਆਂ ਨੂੰ ਕੁੱਲ 3,45,000 ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ। ਇਹ ਲੀਗ ਮਹਿਲਾ ਸਾਈਕਲਿੰਗ ਨੂੰ ਉਤਸ਼ਾਹਤ ਕਰਨ ਅਤੇ ਨੌਜਵਾਨ ਪ੍ਰਤਿਭਾ ਨੂੰ ਅੱਗੇ ਲਿਜਾਣ ਵੱਲ ਇੱਕ ਮਹੱਤਵਪੂਰਨ ਪਹਿਲ ਹੈ।ਅੱਜ ਹੋਏ ਇਕ ਕਿਲੋਮੀਟਰ ਵਿਅਕਤੀਗਤ ਟਾਈਮ ਟਰਾਇਲ ਵਿਮੈਨ ਇਲੀਟ ਵਿੱਚ ਚੈਨਿਕਾ ਐਨ.ਸੀ.ਓ. ਪਟਿਆਲਾ ਨੇ ਸੋਨ ਤਗ਼ਮਾ, ਰਿਜ਼ੀਆ ਐਨ.ਸੀ.ਓ.ਪਟਿਆਲਾ ਨੇ ਚਾਂਦੀ ਦਾ ਤਗਮਾ ਅਤੇ ਸੰਤੋਸ਼ੀ ਐਨ.ਸੀ.ਓ. ਪਟਿਆਲਾ ਨੇ ਕਾਂਸੀ ਦਾ ਤਗ਼ਮਾ ਜਿੱਤਿਆ।ਇਕ ਕਿਲੋਮੀਟਰ ਟਾਈਮ ਟਰਾਇਲ ਵਿਮੈਨ ਜੂਨੀਅਰ ਹਰਸ਼ੀਤਾ ਜਾਖੜ ਪੰਜਾਬ ਨੇ ਸੋਨ ਤਗਮਾ, ਭੂਮਿਕਾ ਹਰਿਆਣਾ ਨੇ ਚਾਂਦੀ ਦਾ ਤਗਮਾ ਅਤੇ ਸੂਹਾਨੀ ਐਨ.ਸੀ.ਓ. ਪਟਿਆਲਾ ਨੇ ਕਾਂਸੀ ਦਾ ਤਗ਼ਮਾ ਜਿੱਤਿਆ। 500 ਮੀਟਰ ਟਾਈਮ ਟਰਾਇਲ ਸਬ ਜੂਨੀਅਰ ਅਤੇ ਯੂਥ ਗਰਲਜ਼ ਪਲਕਪ੍ਰੀਤ ਕੌਰ ਪੰਜਾਬ ਨੇ ਸੋਨ ਤਗ਼ਮਾ, ਜਪਨੀਤ ਕੌਰ ਪੰਜਾਬ ਨੇ ਚਾਂਦੀ ਦਾ ਤਗ਼ਮਾ ਅਤੇ ਅੰਜਲੀ ਜਾਖੜ ਪੰਜਾਬ ਨੇ ਕਾਂਸੀ ਦਾ ਤਗ਼ਮਾ ਜਿੱਤਿਆ। 200 ਮੀਟਰ ਸਪਰਿੰਟ ਐਲੀਟ ਵਿਮੈਨ ਵਿੱਚ ਰਿਜੀਆ ਐਨ.ਸੀ.ਓ. ਪਟਿਆਲਾ ਨੇ ਸੋਨ ਤਗ਼ਮਾ, ਚੈਨਿਕਾ ਐਨ.ਸੀ.ਓ. ਪਟਿਆਲਾ ਨੇ ਚਾਂਦੀ ਦਾ ਤਗ਼ਮਾ ਅਤੇ ਲੈਕਜਿਸ ਪੰਜਾਬ ਨੇ ਕਾਂਸੀ ਦਾ ਤਗ਼ਮਾ ਜਿੱਤਿਆ।200 ਮੀਟਰ ਸਪਰਿੰਟ ਵਿਮੈਨ ਜੂਨੀਅਰ ਵਿੱਚ ਹਰਸਿਤਾ ਜਾਖੜ ਪੰਜਾਬ ਨੇ ਸੋਨ ਤਗ਼ਮਾ, ਸੂਹਾਨੀ ਐਨਸੀਓ ਪਟਿਆਲਾ ਨੇ ਚਾਂਦੀ ਦਾ ਤਗ਼ਮਾ ਅਤੇ ਜਪਨੂਰ ਕੌਰ ਰੰਧਾਵਾ ਪੰਜਾਬ ਨੇ ਕਾਂਸੀ ਦਾ ਤਗ਼ਮਾ ਜਿੱਤਿਆ।

ਵਿਧਾਇਕ ਟੌਂਗ ਨੇ ਦੂਜੇ ਸਮੈਸਟਰ ਦੀ ਫੀਸ ਦੇ ਕੇ ਐਨ.ਸੀ.ਸੀ. ਕੈਡਿਟ ਨੂੰ ਕੀਤਾ ਸਨਮਾਨਿਤ

ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
In the Court of Sh. Ajay Civil Judge Jr.Div.,Chandigarh
CNR No.CHCH02-003137-2023
Next Date: 21.04.2026
State Bank of India
Versus
Nanki
Suit for Recovery
Notice to: 1.Nanki Spouse::-Karandeep Singh 2.Karandeep Singh Both R/O Hno 1316 Progressive Society Sector 50 B Chandigarh
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 21.04.2026 at 10:00 A.M.
For details logon to https://highcourtchd.gov.in/?trs=district_notice&district=Chandigarh
Dated this day of 19-02-2026
Sd/- Civil Judge Jr.Div.,Chandigarh

(U/o 5 Rule 20 CPC)
In the Court of Sh. Ajay Civil Judge Jr. Div., Chandigarh
CNR No.CHCH02-001191-2023
Next Date : 11.05.2026
State Bank of India
Versus
Sepoy Ajit Singh
Suit for Recovery
Notice to: Sepoy Ajit Singh Son::-Sukhdev Singh Vpo Bhikarwal Khera Kotli Pikhaiwal Dist Gurdaspur 143520
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 11.05.2026 at 10:00 A.M.
For details logon to https://highcourtchd.gov.in/?trs=district_notice&district=Chandigarh
Dated this day of 19-02-2026
Sd/- Civil Judge Jr. Div., Chandigarh

(U/o 5 Rule 20 CPC)
In the Court of Ms. Harkamal Kaur Civil Judge Junior Division-9, Patiala
CNR No.PBPT02-001084-2025
Next Date : 05.03.2026
Jatinder Kumar
Versus
General Public
Notice to: General Public:- General Public
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 05.03.2026 at 10:00 A.M.
For details logon to https://highcourtchd.gov.in/?mod=district_notice&district=patiala
Dated this day of 18-02-2026
Sd/- Civil Judge Junior Division-9, Patiala

(U/o 5 Rule 20 CPC)
In the Court of Ms. Geetanshu Civil Judge (Junior Division)-IV, Barnala
CNR No.PBBR02-001026-2024
Next Date : 25.02.2026
State Bank of India
Versus
Sukhdev Dass
Notice to: 1) Rajwinder Singh S/O Balwant Dass S/O Sukhdev Dass 2) Gurpreeet Singh S/O Balwant Dass S/O Sukhdev Dass Both R/O AAki Patti, Vpo Sanghera, Teh And Distt Barnala, Punjab, Lrs Of Sukhdev Singh S/O Babu Dass @ Babu Ram S/O Sadda Ram
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 25.02.2026 at 10:00 A.M.
For details logon to https://highcourtchd.gov.in/?mod=district_notice&district=barnala
Dated this day of 19-02-2026
Sd/- Civil Judge (Junior Division)-IV, Barnala

(U/o 5 Rule 20 CPC)
In the Court of Ms. Navjot Kaur Civil Judge Jr. Div.,Chandigarh
CNR No.CHCH02-000137-2026
Next Date : 28.04.2026
Catherine Chaudhary
Versus
General Public
Notice to: General Public:-Chandigarh
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 28.04.2026 at 10:00 A.M.
For details logon to https://highcourtchd.gov.in/?trs=district_notice&district=Chandigarh
Dated this day of 21-01-2026
Sd/- Civil Judge Jr. Div.,Chandigarh

(U/o 5 Rule 20 CPC)
In the Court of Sh. Palwinder Singh Additional Civil Judge (Senior Division), Ajnala
CNR No.PBASA0-000274-2025
Next Date : 16.03.2026
Punjab National Bank
Versus
Mangal Singh
Notice to: 1.Mangal Singh 2. Gursewak Singh Both S/O Shingara Singh R/O Village Dhariwal Kaler Ajnala Asr
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 16.03.2026 at 10:00 A.M.
For details logon to https://highcourtchd.gov.in/?trs=district_notice&district=Amritsar
Dated this day of 30-01-2026
Sd/- Additional Civil Judge (Senior Division), Ajnala

(U/o 5 Rule 20 CPC)
In the Court of Sh. Manpreet Sohi Civil Judge (Junior Division), Dasuya
CNR No.PBHOA0-000178-2025
Next Date : 16.03.2026
Lakhvir Singh S/O Waryam Singh S/O Lachman Singh R/o Village Chohan Tehsil Tanda District Hoshiarpur And Others
Plaintiffs.....
Versus
Jagtar Singh S/O Kirpa Singh R/O Village Chohan-Tehsil Tanda District Hoshiarpur And Others
Defendants.....
Suit for possession
Notice to: 6. Kashmir Singh S/O Jagir Singh S/O Lachman Singh 9. Gurmit Singh S/O Waryam Singh S/o Lachman Singh Both R/O Village Chohan Tehsil Tanda District Hoshiarpur
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 16.03.2026 at 10:00 A.M.
For details logon to https://highcourtchd.gov.in/?mod=district_notice&district=Hoshiarpur
Dated this day of 31-01-2026
Sd/- Civil Judge (Junior Division), Dasuya

(U/o 5 Rule 20 CPC)
In the Court of Ms. Amandeep Kaur Additional District and Sessions Judge, Ludhiana
CNR No.PBLD01-013153-2023
Next Date : 16.03.2026
Baljinder Singh
Versus
Surjit Singh
Notice to: Manjit Singh S/O Mohinder Singh, R/O H. No.196, St No.5, Dhuri Lines, Ludhiana.
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 16.03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 23-01-2026
Sd/- Additional District and Sessions Judge, Ludhiana

In the Court of Ms. Neelam Judicial Magistrate Ist Class, Amritsar
CNR No.PBAS030295672024
Next Date : 17.03.2026
Nact/3404/2024
Iqbal Singh Tung S/O Gurcharan Singh R/O H.No. 1066, Chowk Mohkampura, Bille Wala, Tung Pai, Batala Road, Amritsar
.....Complainant
Versus
Surjit Kumar
U/S 138 Negotiable Instruments Act
Notice to: Surjit Kumar S/O Sohan Lal R/O Phuglana, District Hoshiarpur
..Accused.
whereas complaint has been made before me that the above said accused has committed (or) suspected to have committed the offence punishable under section 138 of negotiable in-strument act and it has been returned to warrant of arrest thereupon issued that the said ac-cused cannot be found and wheres it has been shown to my satisfaction that the said accused has absconded (or is concealing himself to avoid the service of the said warrant).
proclamation is hereby made that the said accused is required to appear before this court (or before me) to answer the said complaint on 17.03.2026
for details logon to https://highcourtchd.gov.in/trs-district notice&district-amritsar
Sd/-Judicial Magistrate 1st Class. Amritsar

In the Court of Ms. Satwinderjit Kaur Civil Judge Junior Division, Ajnala
CNR No.PBASA0-000922-2024
Next Date : 17.03.2026
Lakhwinder Singh
Versus
Kusham Sahi
Notice to: Kusham Sahi:- W/O Bahadur Singh S/O Ved Parkash R/O H.No. 62 Ward No. 2, Khumana, Tehsil And District Fatehgarh Sahib
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 17.03.2026 at 10:00 A.M.
For details logon to https://highcourtchd.gov.in/?trs =district_notice&district=Amritsar
Dated this day of 13-01-2026
Sd/- Civil Judge Junior Division,Ajnala

In the Court of Ms. Neelam Judicial Magistrate Ist Class, Amritsar
CNR No.PBAS030354742024
Next Date : 17.03.2026
Nact/4281/2024
M/S J.B. Finance Through Its Authorized Representative, Mr. Malkeet Singh, Office: Sco A9, Gf, Dream City, Jalandhar Road, Manawala District Amritsar
.....Complainant
Versus
Krishan Kumar And Anr.
U/S 138 Negotiable Instruments Act
Notice to: Krishan Kumar S/O Suresh Kumar R/O H.No. 597216 St. No. 11, Near Hanuman Mandir Ward No. 40, Haibowal Nagar, Ludhiana Office Address: 3125 St. No. 3, Ganesh Nagar, Radhe Krishna Garment Factory, Near Transport Nagar, Ludhiana
.....Accused.
whereas complaint has been made before me that the above said accused has committed (or) suspected to have committed the offence punishable under section 138 of negotiable in-strument act and it has been returned to warrant of arrest thereupon issued that the said ac-cused cannot be found and wheres it has been shown to my satisfaction that the said accused has absconded (or is concealing himself to avoid the service of the said warrant).
proclamation is hereby made that the said accused is required to appear before this court (or before me) to answer the said complaint on 17.03.2026
for details logon to https://highcourtchd.gov.in/trs=district notice&district-amritsar
Sd/- Judicial Magistrate 1st Class. Amritsar

(U/o 5 Rule 20 CPC)
In the Court of Ms. Kavita Sharma Civil Judge (Junior Division), Ludhiana
CNR No.PBLD02-012217-2024
Next Date : 16.03.2026
Punjab National Bank
Versus
Mohinder Kumar
Notice to: Mohinder Kumar:-Chaman Lal R/O: C-2-E029, Ireo Water Front, Sidhwan Canal Road, Ferozepur Road, Ludhiana. 141003 IInd Add: H.No. 105-H, Sarabha Nagar, Ludhiana, Mob-98154-91918
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 16.03.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 07-01-2026
Sd/- Civil Judge (Junior Division), Ludhiana

(U/o 5 Rule 20 CPC)
In the Court of Dr. Seema Agnihotri Civil Judge (Junior Division), Rupnagar
CNR No.PBRO02-001715-2024
Next Date: 16.03.2026
Rajinder Kaur
Versus
Balwant Singh
Notice to: Def No. 7. Piara Singh Father: Joginder Singh S/O Paisu - Village Purkhali Tehsil And District Rupnagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 16.03.2026 at 10:00 A.M.
For details logon to https://highcourtchd.gov.in/?mod=district_notice&district=Rupnagar
Dated this day of 21-01-2026
Sd/- Civil Judge (Junior Division), Rupnagar

ਬੋਲੀ ਸੂਚਨਾ

ਸਰਕਾਰੀ ਐਲੀਮੈਂਟਰੀ ਸਕੂਲ, ਮੋਹੀ ਖੁਰਦ ਦੀ SMC ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ, ਮੋਹੀ ਖੁਰਦ ਦੀ ਅਨਸੇਫ ਬਿਲਡਿੰਗ ਦੀ ਬੋਲੀ 21.02.2026 ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਹੈ। ਜਿਸ ਵਿਚ 4 ਕਮਰੇ, 1 ਬਰਾਂਡਾ ਵੀ ਹੈ। ਜਿਸ ਦਾ ਕੁੱਲ ਏਰੀਆ 1700 ਫੁੱਟ ਹੈ।
ਸਰਕਾਰੀ ਐਲੀਮੈਂਟਰੀ ਸਕੂਲ ਮੋਹੀ ਖੁਰਦ
9357184619

ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

ਫੇਜ਼-6 ਬੱਸ ਅੱਡੇ ਅਤੇ ਕੁੰਭੜਾ-ਬਾਵਾ ਵਾਈਟ ਹਾਊਸ ਸੜਕ ਮੁਰੰਮਤ ਲਈ ਡਿਪਟੀ ਮੇਅਰ ਵੱਲੋਂ ਗਮਾਡਾ ਨੂੰ ਤੁਰੰਤ ਕਾਰਵਾਈ ਦੀ ਮੰਗ

ਮੋਹਾਲੀ, 19 ਫਰਵਰੀ (ਹਰਦੀਪ ਕੌਰ): ਫੇਜ਼-6 ਬੱਸ ਸਟੈਂਡ ਨਾਲ ਲੱਗਦੀ ਸੜਕ ਅਤੇ ਕੁੰਭੜਾ ਤੋਂ ਬਾਵਾ ਵਾਈਟ ਹਾਊਸ ਤੱਕ ਸੜਕ ਦੀ ਮਾੜੀ ਹਾਲਤ ਨੂੰ ਲੈ ਕੇ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਨੇ ਗਮਾਡਾ ਦੇ ਚੀਫ਼ ਐਡਮਿਨਿਸਟਰੇਟਰ ਨਾਲ ਮੁਲਾਕਾਤ ਕਰਕੇ ਉਹਨਾਂ ਨੂੰ ਖਾਸ ਤੌਰ ਤੇ ਮਹਾਲੀ ਦੀਆਂ ਦੋ ਸੜਕਾਂ ਤੁਰੰਤ ਮੁਰੰਮਤ ਅਤੇ ਵਿਕਾਸ ਕਾਰਜ ਸ਼ੁਰੂ ਕਰਨ ਦੀ ਬੇਨਤੀ ਕੀਤੀ ਹੈ। ਇਸ ਸਬੰਧੀ ਉਹਨਾਂ ਨੇ ਇੱਕ ਪੱਤਰ ਵੀ ਮੁੱਖ ਪ੍ਰਸ਼ਾਸਕ ਨੂੰ ਸੌਂਪਿਆ।

ਆਪਣੇ ਪੱਤਰ ਵਿੱਚ ਉਨ੍ਹਾਂ ਨੇ ਦਰਸਾਇਆ ਕਿ ਫੇਜ਼-6 ਬੱਸ ਸਟੈਂਡ ਨਾਲ ਲੱਗਦੀ ਸੜਕ ਦੇ ਮਾਮਲੇ ਵਿੱਚ ਪਹਿਲਾਂ ਹੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਦਾਇਰ ਕੀਤਾ ਗਿਆ ਸੀ, ਜਿਸ ਤੋਂ ਬਾਅਦ ਅਦਾਲਤ ਵੱਲੋਂ ਸੰਬੰਧਿਤ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਸਨ। ਇਸ ਮਾਮਲੇ ਸਬੰਧੀ ਉਹਨਾਂ ਦੀ ਗਮਾਡਾ ਅਧਿਕਾਰੀਆਂ ਅਤੇ ਬੱਸ ਸਟੈਂਡ ਕੰਪਨੀ

ਦੇ ਨੁਮਾਇੰਦਿਆਂ ਨਾਲ ਦੋ ਮੀਟਿੰਗਾਂ ਵੀ ਹੋ ਚੁੱਕੀਆਂ ਹਨ, ਪਰ ਮੌਜੂਦਾ ਸਮੇਂ ਤੱਕ ਸਥਿਤੀ ਵਿੱਚ ਕੋਈ ਸੁਧਾਰ ਨਹੀਂ ਆਇਆ।

ਡਿਪਟੀ ਮੇਅਰ ਅਨੁਸਾਰ ਫੇਜ਼ 6 ਵਾਲੀ ਸੜਕ 'ਤੇ ਵੱਡੇ-ਵੱਡੇ ਖੱਡੇ ਪਏ ਹੋਏ ਹਨ ਅਤੇ ਕਈ ਥਾਵਾਂ 'ਤੇ ਸੜਕ ਧੱਸ ਚੁੱਕੀ ਹੈ, ਜਿਸ ਕਾਰਨ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ ਅਤੇ ਹਾਦਸਿਆਂ ਦਾ ਖਤਰਾ ਬਣਿਆ ਹੋਇਆ ਹੈ। ਉਨ੍ਹਾਂ ਨੇ ਮੰਗ ਕੀਤੀ ਕਿ ਗਮਾਡਾ ਦੇ ਅਧੀਨ ਆਉਂਦੀ ਇਸ ਸੜਕ 'ਤੇ ਤੁਰੰਤ ਪ੍ਰੀਮਿਕਸ ਪਾਇਆ ਜਾਵੇ ਅਤੇ ਸਟਰੀਟ ਲਾਈਟਾਂ ਲਗਾਈਆਂ ਜਾਣ, ਕਿਉਂਕਿ ਰਾਤ ਸਮੇਂ ਘੁੱਪ ਹਨੇਰੇ ਕਾਰਨ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ। ਉਹਨਾਂ ਕਿਹਾ ਕਿ ਇਸਦੇ ਨਾਲ ਹੀ ਕੁੰਭੜਾ ਤੋਂ ਬਾਵਾ ਵਾਈਟ ਹਾਊਸ ਤੱਕ ਸੜਕ ਦੀ ਚੌੜਾਈ ਵਧਾਉਣ ਦਾ ਕੰਮ ਪਿਛਲੇ ਦੋ ਸਾਲਾਂ ਤੋਂ ਲੰਬਿਤ ਪਿਆ ਹੋਇਆ ਹੈ। ਸੜਕ ਦੀ ਮੌਜੂਦਾ ਹਾਲਤ ਤਰਸਯੋਗ ਬਣੀ ਹੋਈ ਹੈ ਅਤੇ ਖੱਡਿਆਂ ਕਾਰਨ ਹਾਦਸਿਆਂ ਦੀ ਸੰਭਾਵਨਾ ਵੱਧ ਰਹੀ ਹੈ।

ਵਿਧਾਇਕ ਰਾਏ ਨੇ ਪਿੰਡ ਢੋਲਾ ਸਾਧੂਗੜ ਅਤੇ ਖੇੜੀ ਭਾਈ ਕੀ ਵਿਖੇ ਸਾਂਝੀ ਸੱਥ ਪ੍ਰੋਗਰਾਮ ਤਹਿਤ ਲੋਕਾਂ ਦੀਆਂ ਸਮੱਸਿਆਵਾਂ ਸਣੀਆਂ

ਫਤਿਹਗੜ੍ਹ ਸਾਹਿਬ, 19 ਫਰਵਰੀ (ਹਰਪ੍ਰੀਤ ਕੌਰ ਟਿਵਾਣਾ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ਼ਹਿਰਾਂ ਦੀ ਤਰਜ਼ ਤੇ ਪਿੰਡਾਂ ਦੇ ਵਿਕਾਸ ਅੰਦਰ ਕੋਈ ਕਸਰ ਨਹੀ ਛੱਡ ਰਹੀ। ਪਿੰਡਾਂ ਦੀ ਲਿੰਕ ਸੜਕਾਂ, ਪੰਚਾਇਤ ਘਰ, ਸਕੂਲਾਂ ਦੀ ਦਿੱਖ ਬਦਲਣ ਲਈ ਰਾਜ ਸਰਕਾਰ ਵੱਲੋਂ ਗਰਾਂਟਾਂ ਜਾਰੀ ਕੀਤੀਆ ਜਾ ਰਹੀਆ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਸਾਂਝੀ ਸੱਥ ਪ੍ਰੋਗਰਾਮ ਤਹਿਤ ਪਿੰਡ ਢੋਲਾ, ਸਾਧੂਗੜ੍ਹ ਅਤੇ ਖੇੜੀ ਭਾਈ ਕੀ ਵਿਖੇ ਸਰਬਸੰਮਤੀ ਨਾਲ ਚੁਣੀਆਂ ਪੰਚਾਇਤਾਂ ਨੂੰ 5 ਲੱਖ ਰੁਪਏ ਪ੍ਰਤੀ ਪੰਚਾਇਤ ਚੈਕ ਸੌਂਪਣ ਮੌਕੇ ਕੀਤਾ। ਵਿਧਾਇਕ ਰਾਏ ਨੇ ਵੱਖ-ਵੱਖ ਪਿੰਡਾਂ ਦੀਆਂ ਸਾਂਝੀਆਂ ਥਾਵਾਂ ਤੇ ਪਹੁੰਚ ਕੇ ਪਿੰਡਾਂ ਦੇ ਵਸਨੀਕਾਂ

ਅਤੇ ਪੰਚਾਇਤ ਤੋਂ ਪਿੰਡ ਪੱਧਰ ਤੇ ਹੋਣ ਵਾਲੇ ਵਿਕਾਸ ਕੰਮਾਂ ਬਾਰੇ ਵਿਸ਼ੇਸ਼ ਚਰਚਾ ਕੀਤੀ, ਜਿੱਥੇ ਪੰਚਾਇਤਾਂ ਵੱਲੋਂ ਪਿੰਡਾਂ ਅੰਦਰ ਲੋੜੀਂਦੇ ਅਤੇ ਅਤਿ ਜਰੂਰੀ ਹੋਣ ਵਾਲੇ ਵਿਕਾਸ ਕੰਮਾਂ ਬਾਰੇ ਵਿਧਾਇਕ ਨੂੰ ਜਾਣੂ ਕਰਵਾਇਆ ਗਿਆ। ਵਿਧਾਇਕ ਰਾਏ ਨੇ ਸੱਥ ਪ੍ਰੋਗਰਾਮ ਦਾ ਮੰਤਵ ਪਾਰਟੀਬਾਜ਼ੀ ਤੋਂ ਉੱਤੇ ਉੱਠ ਕੇ ਲੋਕਾਂ ਦੀ ਰਾਏ ਅਨੁਸਾਰ ਪੇਂਡੂ ਇਲਾਕਿਆਂ ਦਾ ਵਿਕਾਸ ਕਰਵਾਉਣਾ ਹੈ। ਵਿਧਾਇਕ ਰਾਏ ਨੇ ਸਮੂਹ ਪਿੰਡ ਵਾਸੀਆਂ ਨੂੰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਹਰੇਕ ਵਿਅਕਤੀ ਨੂੰ 10 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ਼ ਲਈ ਬਣ ਰਹੇ ਸਿਹਤ ਬੀਮਾ ਕਾਰਡ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਹਰੇਕ ਪਰਿਵਾਰ ਦੇ ਮੈਂਬਰ ਦਾ ਸਿਹਤ ਬੀਮਾ ਯੋਜਨਾ ਕਾਰਡ ਬਣਾਉਣ ਲਈ ਲੋਕਾਂ ਨੂੰ ਜਾਗਰੂਕ ਕਰਨ ਤਾਂ ਜੋ ਆਰਥਿਕ ਤੰਗੀ ਕਾਰਨ ਹਲਕਾ ਫ਼ਤਿਹਗੜ੍ਹ ਸਾਹਿਬ ਦਾ ਕੋਈ ਵੀ ਵਿਅਕਤੀ ਇਲਾਜ਼ ਤੋਂ ਵਾਂਝਾ ਨਾ ਰਹੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਿਲਾ ਪਰਿਸ਼ਦ ਮੈਂਬਰ ਅਮਰਿੰਦਰ ਸਿੰਘ ਮੰਡੋਫਲ, ਬਲਾਕ ਸੰਮਤੀ ਮੈਂਬਰ ਬਿਕਰਮਜੀਤ ਸਿੰਘ ਬਲਾਕ ਸੰਮਤੀ ਮੈਂਬਰ, ਕਰਮਜੀਤ ਸਿੰਘ, ਹੈਪੀ ਭੈਣੀ, ਹਰਮੇਸ਼ ਸਿੰਘ ਪੂਨੀਆ, ਵਰਿੰਦਰ ਸਿੰਘ ਬੀਵੀਪੁਰ, ਤੇਜੀ ਬਰਾਸ, ਰਵਿੰਦਰ ਸਿੰਘ ਪੀਏ ਸਤੀਸ਼ ਕੁਮਾਰ ਲਟੌਰ ਹਾਜ਼ਰ ਸਨ।

ਹਲਕਾ ਬੱਸੀ ਪਠਾਣਾ ਦੀਆਂ ਤਿੰਨ ਅਹਿਮ ਸੜਕਾਂ ਦੀ 143.28 ਲੱਖ ਦੀ ਲਾਗਤ ਨਾਲ ਬਦਲੇਗੀ ਨੁਹਾਰ: ਵਿਧਾਇਕ ਰੁਪਿੰਦਰ ਹੈਪੀ

ਫ਼ਤਹਿਗੜ੍ਹ ਸਾਹਿਬ, 19 ਫਰਵਰੀ: (ਹਰਪ੍ਰੀਤ ਕੌਰ ਟਿਵਾਣਾ) ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਰਾਜ ਦੇ ਲੋਕਾਂ ਦੀਆਂ ਸੁਵਿਧਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਕਾਸ ਕਾਰਜ਼ ਕਰਵਾਏ ਜਾ ਰਹੇ ਹਨ। ਸੂਬੇ ਵਿੱਚ ਹਰ ਵਰਗ ਦੀ ਭਲਾਈ ਲਈ ਸਿਹਤ, ਸਿੱਖਿਆ, ਬਿਜਲੀ ਸਮੇਤ ਹੋਰ ਬੁਨਿਆਦੀ ਸਹੂਲਤਾ ਵਿੱਚ ਵੱਡੇ ਪੱਧਰ ਤੇ ਸੁਧਾਰ ਹੋਇਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਵਿਧਾਨ ਸਭਾ ਹਲਕਾ ਬੱਸੀ ਪਠਾਣਾ ਅਧੀਨ 143.28 ਲੱਖ ਦੀ ਲਾਗਤ ਨਾਲ ਤਿੰਨ ਅਹਿਮ ਸੜਕਾਂ ਦੀ ਅਪਗ੍ਰੇਡੇਸ਼ਨ ਕਰਨ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਦਿਆਂ ਰਸਮੀ ਸ਼ੁਰੂਆਤ ਕਰਨ ਮੌਕੇ ਕੀਤਾ। ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਬੱਸੀ ਪਠਾਣਾ ਦੀ ਨੁਹਾਰ ਨੂੰ ਸੰਵਾਰਨ ਲਈ ਕਰੋੜਾਂ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟ ਪ੍ਰਗਤੀ ਅਧੀਨ ਹਨ ਅਤੇ ਇਨ੍ਹਾਂ ਪ੍ਰੋਜੈਕਟਾਂ ਨੂੰ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੱਸਦੇ ਲੋਕਾਂ ਦੀਆਂ ਜਰੂਰਤਾਂ ਅਨੁਸਾਰ ਪ੍ਰਮੁੱਖਤਾ ਨਾਲ ਪੂਰਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੁਹੱਲਾ ਬਹਿਲੋਲਪੁਰੀ ਵਿਖੇ 32.95 ਲੱਖ

ਰੁਪਏ, ਮੁਹੱਲਾ ਸਿੰਘਪੁਰਾ ਸ਼ਮਸਾਨਘਾਟ ਰੋਡ ਦਾ 12.67 ਲੱਖ ਅਤੇ ਨਿਰੰਕਰੀ ਭਵਨ ਬਸੀ ਪਠਾਣਾ ਵਾਲੀ ਸੜਕ ਤੇ ਇੰਟਰਲਾਕਿੰਗ ਟਾਈਲਾਂ ਤੇ 97.66 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਇਨ੍ਹਾਂ ਸੜਕਾਂ ਦਾ ਮੁੜ ਨਿਰਮਾਣ ਕਰਵਾਉਣ ਦੀ ਅਹਿਮ ਲੋੜ ਸੀ। ਵਿਧਾਇਕ ਹੈਪੀ ਨੇ ਕਿਹਾ ਕਿ ਸੜਕਾਂ ਕਿਸੇ ਵੀ ਖੇਤਰ ਦੀ ਤਰੱਕੀ ਲਈ ਰੀੜ੍ਹ ਦੀ ਹੱਡੀ ਹੁੰਦੀਆਂ ਹਨ ਅਤੇ ਇਨ੍ਹਾਂ ਦੇ ਸੁਧਾਰ ਨਾਲ ਨਾ ਸਿਰਫ਼ ਆਵਾਜਾਈ ਪ੍ਰਣਾਲੀ ਸੁਚਾਰੂ ਹੁੰਦੀ ਹੈ, ਸਗੋਂ ਆਰਥਿਕ ਗਤੀਵਿਧੀਆਂ ਨੂੰ ਵੀ ਬਲ ਮਿਲਦਾ ਹੈ। ਉਨ੍ਹਾ ਦੱਸਿਆ ਕਿ ਤਿੰਨਾਂ ਸੜਕਾਂ ਦੇ ਨਵੀਨੀਕਰਨ ਦੇ ਕੰਮ ਨੂੰ ਉੱਚ ਮਿਆਰੀ ਅਤੇ ਤਕਨੀਕੀ ਮਾਪਦੰਡਾਂ ਅਨੁਸਾਰ ਨੇਪਰੇ ਚੜ੍ਹਾਉਣ ਲਈ ਸਬੰਧਤ ਠੇਕੇਦਾਰ ਅਤੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆ ਗਈਆ ਹਨ। ਉਨ੍ਹਾਂ ਕਿਹਾ ਕਿ ਹਲਕਾ ਬੱਸੀ ਦੇ ਹਰ ਵਸਨੀਕ ਦੀਆਂ ਲੋੜਾਂ ਤੋਂ ਉਹ ਭਲੀਭਾਂਤ ਵਾਕਫ਼ ਹਨ ਅਤੇ ਪੜਾਅਵਾਰ ਢੰਗ ਨਾਲ ਵਿਕਾਸ ਕਾਰਜ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਉਨ੍ਹਾਂ ਕਿਹਾ ਕਿ ਇਹ ਇਲਾਕੇ ਪਿਛਲੀਆਂ ਸਰਕਾਰਾਂ ਵੱਲੋਂ ਅਣਗੌਲੇ ਕੀਤੇ ਗਏ ਹੋਣ ਕਰਕੇ ਵਿਕਾਸ ਦੇ ਕੰਮਾਂ ਨੂੰ ਉਡੀਕ ਰਹੇ ਸਨ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਨੇ ਮੇਰੇ ਉੱਤੇ ਜੋ ਜਿੰਮੇਵਾਰੀ ਪਾਈ ਹੈ, ਮੈਂ ਉਸ ਨੂੰ ਨਿਭਾਉਣ ਦਾ ਪੂਰਾ ਯਤਨ ਕਰ ਰਿਹਾ ਹਾਂ ਅਤੇ ਹਲਕੇ ਦੀ ਨੁਹਾਰ ਬਦਲਣ ਤੱਕ ਵਿਕਾਸ ਕੰਮ ਜਾਰੀ ਰਹਿਣਗੇ।

ਭੋਗਪੁਰ ਸੀ.ਐਨ.ਜੀ. ਪਲਾਂਟ ਦਾ

‘ਮੇਰੀ ਛਿਪੇ ਰਹਿਣ ਦੀ ਚਾਹ, ਤੇ ਛਿਪ ਟੁਰ ਜਾਣ ਦੀ’-ਸਾਦਗੀ, ਨਿਮਰਤਾ ਤੇ ਮਾਨਵਤਾ ਦੇ ਸੇਵਕ: ਭਾਈ ਸਾਹਿਬ ਡਾ. ਦਲੀਪ ਸਿੰਘ

ਪ੍ਰਿਤਪਾਲ ਸਿੰਘ ਸ਼ਾਹਕੋਟ
ਮੋਬਾਈਲ: 98881-20180

ਗੁਰੂ ਸਾਹਿਬਾਨ ਦੀ ਪਾਵਨ ਧਰਤੀ ’ਤੇ ਸਮੇਂ-ਸਮੇਂ ’ਤੇ ਅਜਿਹੀਆਂ ਰੂਹਾਂ ਜਨਮ ਲੈਂਦੀਆਂ ਹਨ, ਜੋ ਆਪਣੇ ਜੀਵਨ ਦਾ ਹਰ ਸੁਆਸ ਮਾਨਵਤਾ ਦੀ ਸੇਵਾ ਅਤੇ ਅਕਾਲ ਪੁਰਖ ਦੇ ਭਾਣੇ ਵਿੱਚ ਬਤੀਤ ਕਰਦੀਆਂ ਹਨ। ਅਜੋਕੇ ਪਦਾਰਥਵਾਦੀ ਯੁੱਗ ਵਿੱਚ, ਜਿੱਥੇ ਹਰ ਪਾਸੇ ‘ਮੈਂ-ਮੇਰੀ’ ਦਾ ਸ਼ੋਰ ਹੈ, ਉੱਥੇ ‘ਤੂੰ-ਤੂੰ’ ਕਰਨ ਵਾਲੀਆਂ ਰੂਹਾਂ ਵਿਰਲੀਆਂ ਹੀ ਮਿਲਦੀਆਂ ਹਨ। ਅਜਿਹੀ ਹੀ ਇਕ ਮਹਾਨ, ਸ਼ਾਂਤ ਅਤੇ ਰੱਬੀ ਰੰਗ ਵਿੱਚ ਰੰਗੀ ਹੋਈ ਸ਼ਖ਼ਸੀਅਤ ਸਨ— ਭਾਈ ਸਾਹਿਬ ਡਾ. ਦਲੀਪ ਸਿੰਘ ਜੀ। ਉਨ੍ਹਾਂ ਦਾ ਸਮੁੱਚਾ ਜੀਵਨ ਸਾਦਗੀ, ਸੇਵਾ, ਸਿਮਰਨ ਅਤੇ ਗੁਰੂ-ਘਰ ਦੇ ਅਦਬ-ਸਤਿਕਾਰ ਦੀ ਇੱਕ ਅਜਿਹੀ ਮਿਸਾਲ ਹੈ, ਜਿਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਸੇਧ ਲੈਂਦੀਆਂ ਰਹਿਣਗੀਆਂ। ਅੱਜ ਜਦੋਂ ਉਹ ਅਕਾਲ ਪੁਰਖ ਦੇ ਹੁਕਮ ਅਨੁਸਾਰ ਸਾਨੂੰ ਸਰੀਰਕ ਵਿਛੋੜਾ ਦੇ ਗਏ ਹਨ, ਤਾਂ ਸਮੁੱਚਾ ਪੰਥ ਇਕ ਅਜਿਹੇ ਦਰਵੇਸ਼ ਦੀ ਘਾਟ ਮਹਿਸੂਸ ਕਰ ਰਿਹਾ ਹੈ, ਜਿਸ ਨੇ ਕਦੇ ਆਪਣਾ ਆਪ ਨਹੀਂ ਜਤਾਇਆ।ਭਾਈ ਸਾਹਿਬ ਡਾ. ਦਲੀਪ ਸਿੰਘ ਜੀ ਦਾ ਜਨਮ 14 ਮਈ 1948 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪਾਵਨ ਧਰਤੀ ’ਤੇ ਪਿਤਾ ਅਜੀਤ ਸਿੰਘ ਦੇ ਗ੍ਰਹਿ ਅਤੇ ਮਾਤਾ ਰਾਮ ਕੌਰ ਦੀ ਕੁੱਖੋਂ ਹੋਇਆ। ਮਾਤਾ-ਪਿਤਾ ਵੱਲੋਂ ਮਿਲੀ ਗੁੜ੍ਹਤੀ ਅਤੇ ਧਾਰਮਿਕ ਸੰਸਕਾਰਾਂ ਕਰਕੇ ਉਹ ਬਚਪਨ ਤੋਂ ਹੀ ਗੰਭੀਰ ਅਤੇ ਧਾਰਮਿਕ ਬਿਰਤੀ ਦੇ ਮਾਲਕ ਸਨ। ਭਾਈ ਸਾਹਿਬ ਜੀ ਸਿਰਫ਼ ਅਧਿਆਤਮਿਕ ਤੌਰ ’ਤੇ ਹੀ ਬੁਲੰਦ ਨਹੀਂ ਸਨ, ਸਗੋਂ ਦੁਨਿਆਵੀ ਵਿੱਦਿਆ ਵਿੱਚ ਵੀ ਉਨ੍ਹਾਂ ਨੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ। ਉਨ੍ਹਾਂ ਨੇ ਫਾਰਮੇਸੀ ਦੀ ਪੜ੍ਹਾਈ ਚੁਣੀ ਅਤੇ ਆਪਣੀ ਮਿਹਨਤ ਤੇ ਲਗਨ ਸਦਕਾ ਉਸ ਸਮੇਂ ਦੇ ਸੰਯੁਕਤ ਪੰਜਾਬ (ਜਿਸ ਵਿੱਚੋਂ ਅਜੋਕਾ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸ਼ਾਮਲ ਸਨ) ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਪੜ੍ਹਾਈ ਮੁਕੰਮਲ ਕਰਨ ਉਪਰੰਤ, ਉਨ੍ਹਾਂ ਨੇ ਨਕੋਦਰ ਇਲਾਕੇ ਨੂੰ ਆਪਣੀ ਕਰਮ ਭੂਮੀ ਬਣਾਇਆ। ਮਹਿਤਪੁਰ ਤੇ ਮੱਲ੍ਹੀਆਂ ਕਲਾਂ ਵਿਖੇ ਬਤੌਰ ਫਾਰਮਾਸਿਸਟ ਨੌਕਰੀ ਕਰਦਿਆਂ ਉਨ੍ਹਾਂ ਨੇ ਇਸ ਕਿੱਤੇ ਨੂੰ ਸਿਰਫ਼ ਰੋਜ਼ੀ-ਰੋਟੀ ਦਾ ਸਾਧਨ ਨਹੀਂ ਸਮਝਿਆ, ਸਗੋਂ ਇਸ ਨੂੰ ‘ਦੁਖ ਭੰਜਨ ਤੇਰਾ ਨਾਮ’ ਦੇ ਸੰਕਲਪ ਨਾਲ ਜੋੜਿਆ। ਉਨ੍ਹਾਂ ਲਈ ਮਰੀਜ਼ਾਂ ਦੀ ਸੇਵਾ ਹੀ ਰੱਬ ਦੀ ਸੇਵਾ ਸੀ। ਉਹ ਅਕਸਰ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਦਿੰਦੇ ਅਤੇ ਸਮੇਂ-ਸਮੇਂ ’ਤੇ ਫ੍ਰੀ ਮੈਡੀਕਲ ਕੈਂਪ ਲਗਾਉਂਦੇ। ਉਨ੍ਹਾਂ ਕੋਲ ਆ ਕੇ ਮਰੀਜ਼ ਦਵਾਈ ਦੇ ਨਾਲ-ਨਾਲ ਉਨ੍ਹਾਂ ਦੇ ਮਿੱਠੇ ਬੋਲਾਂ ਅਤੇ ਅਰਦਾਸ ਨਾਲ ਹੀ ਠੀਕ ਹੋ ਜਾਂਦਾ ਸੀ।ਪੰਥਕ ਸਫਾਂ ਵਿਚ ਵਿਚਰਦਿਆਂ ਜਦੋਂ ਉਨ੍ਹਾਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦੇਖਿਆ ਕਿ ਕੁਝ ਦੁਕਾਨਦਾਰਾਂ ਅਤੇ ਪ੍ਰਕਾਸ਼ਕਾਂ ਨੇ ‘ਜਾਗਤ ਜੋਤ’ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਕੇਵਲ ਵਪਾਰ ਅਤੇ ਮੁਨਾਫ਼ੇ ਦਾ ਜ਼ਰੀਆ ਬਣਾਇਆ ਹੋਇਆ ਹੈ ਅਤੇ ਛਪਾਈ ਵਿੱਚ ਅਣਗਹਿਲੀ ਤੇ ਸਰੂਪਾਂ ਦਾ ਬਣਦਾ ਸਤਿਕਾਰ ਨਹੀਂ ਦਿੱਤਾ ਜਾ ਰਿਹਾ, ਤਾਂ ਇਸ ਗੱਲ ਨੇ ਭਾਈ ਸਾਹਿਬ ਦੇ ਹਿਰਦੇ ਨੂੰ ਝੰਜੋੜ ਕੇ ਰੱਖ ਦਿੱਤਾ। ਉਨ੍ਹਾਂ ਮਹਿਸੂਸ ਕੀਤਾ ਕਿ ਜੋ ਗੁਰੂ ਸਾਡੇ ਲਈ ‘ਪ੍ਰਗਟ ਗੁਰਾਂ ਕੀ ਦੇਹ’ ਹਨ, ਉਸ ਦਾ ਇਹ ਨਿਰਾਦਰ ਇੱਕ ਸਿੱਖ ਕਿਵੇਂ ਬਰਦਾਸ਼ਤ ਕਰ ਸਕਦਾ ਹੈ? ਇਸ ਪੀੜਾ ਵਿੱਚੋਂ ਇਕ ਮਹਾਨ ਸੰਕਲਪ ਦਾ ਜਨਮ ਹੋਇਆ। ਉਨ੍ਹਾਂ ਅਕਾਲ ਪੁਰਖ ਦਾ ਓਟ ਆਸਰਾ ਲੈਂਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਦਾ ਕਾਰਜ ਪੂਰਨ ਮਰਿਆਦਾ ਅਤੇ ਸਤਿਕਾਰ ਨਾਲ ਸ਼ੁਰੂ ਕਰਨ ਦਾ ਫੈਸਲਾ ਕੀਤਾ। ਇਸ ਪਵਿੱਤਰ ਕਾਰਜ ਲਈ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਮਾਲੜੀ ਸਾਹਿਬ ਨੂੰ ਚੁਣਿਆ। ਇਹ ਕਾਰਜ ਆਸਾਨ ਨਹੀਂ ਸੀ, ਪਰ ਭਾਈ ਸਾਹਿਬ ਦਾ ਭਰੋਸਾ ਅਕਾਲ ਪੁਰਖ ’ਤੇ ਸੀ। ਉਨ੍ਹਾਂ ਨੇ ਉੱਥੇ ਅਤਿ-ਆਧੁਨਿਕ ਪਰ ਮਰਿਆਦਾ ਅਨੁਸਾਰ ਪ੍ਰੈਸ ਲਗਾਈ। ਉਹ ਯਕੀਨੀ ਬਣਾਉਂਦੇ ਸਨ ਕਿ ਛਪਾਈ ਦੌਰਾਨ ਹਰ ਸੇਵਾਦਾਰ ਸੁੱਚਮਤਾ ਵਿੱਚ ਹੋਵੇ ਤੇ ਹਰ ਸਮੇਂ ਨਾਮ ਦਾ ਜਾਪ ਕਰੇ।

ਉਨ੍ਹਾਂ ਗੁਰੂ ਸਾਹਿਬ ਦੇ ਸਤਿਕਾਰ ਤੇ ਸ਼ਰਧਾ ਨੂੰ ਹਮੇਸ਼ਾ ਮੁੱਖ ਰੱਖਿਆ। ਸਮੇਂ ਦੇ ਨਾਲ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਛਪਾਈ ਬੰਦ ਕਰਨ ਦੇ ਸਭ ਨੂੰ ਹੁਕਮ ਹੋਏ ਤਾਂ ਉਨ੍ਹਾਂ ਉੱਥੇ ਹੀ ਸਾਰਾ ਕਾਰਜ ਬੰਦ ਕਰ ਦਿੱਤਾ। ਭਾਈ ਸਾਹਿਬ ਜੀ ਜਾਣਦੇ ਸਨ ਕਿ ਸਮਾਜ ਨੂੰ ਸਹੀ ਸੇਧ ਦੇਣ ਲਈ ਸਿੱਖਿਆ ਸਭ ਤੋਂ ਵੱਡਾ ਹਥਿਆਰ ਹੈ, ਪਰ ਉਹ ਸਿੱਖਿਆ ਜੋ ਸਿਰਫ਼ ਕਿਤਾਬੀ ਗਿਆਨ ਹੀ ਨਾ ਦੇਵੇ, ਸਗੋਂ ਬੱਚਿਆਂ ਨੂੰ ਚੰਗੇ ਇਨਸਾਨ ਵੀ ਬਣਾਵੇ। ਇਸੇ ਸੋਚ ਨੂੰ ਅਮਲੀ ਜਾਮਾ ਪਹਿਨਾਉਣ ਲਈ ਉਨ੍ਹਾਂ ਨੇ ਹੋਰ ਗੁਰਮੁਖ ਸਿੰਘਾਂ ਨਾਲ ਰਲ ਕੇ ‘ਸੇਵਕ ਚੈਰੀਟੇਬਲ ਟਰੱਸਟ’ ਦੀ ਸਥਾਪਨਾ ਕੀਤੀ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ 400 ਸਾਲਾ ਸਥਾਪਨਾ ਦਿਵਸ ਮੌਕੇ ਸੰਨ 1988 ਵਿਚ ਸੇਵਕ ਪਬਲਿਕ ਹਾਈ ਸਕੂਲ, ਨਕੋਦਰ ਦੀ ਨੀਂਹ ਰੱਖੀ। ਇਹ ਸਕੂਲ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਸੰਸਕਾਰਾਂ ਦੀ ਇੱਕ ਟਕਸਾਲ ਬਣ ਗਿਆ। ਭਾਈ ਸਾਹਿਬ ਜੀ ਦਾ ਸੁਪਨਾ ਸੀ ਕਿ ਇੱਥੇ ਪੜ੍ਹਨ ਵਾਲਾ ਹਰ ਬੱਚਾ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਗੁਰਮਤਿ ਸਿਧਾਂਤਾਂ ਨਾਲ ਵੀ ਜੁੜੇ। ਉਹ ਖ਼ੁਦ ਸਕੂਲ ਦੀਆਂ ਗਤੀਵਿਧੀਆਂ ਵਿੱਚ ਦਿਲਚਸਪੀ ਲੈਂਦੇ ਅਤੇ ਬੱਚਿਆਂ ਨੂੰ ਸਾਦਗੀ ਤੇ ਸੱਚਾਈ ਦੇ ਰਾਹ ’ਤੇ ਚੱਲਣ ਦੀ ਪ੍ਰੇਰਨਾ ਦਿੰਦੇ। ਅੱਜ ਇਸ ਸਕੂਲ ਤੋਂ ਪੜ੍ਹੇ ਹਜ਼ਾਰਾਂ ਵਿਦਿਆਰਥੀ ਦੇਸ਼-ਵਿਦੇਸ਼ ਵਿਚ ਉੱਚੇ ਅਹੁਦਿਆਂ’ਤੇ ਬਿਰਾਜਮਾਨ ਹਨ, ਜਿਨ੍ਹਾਂ ਦੀ ਸਫਲਤਾ ਦੀ ਨੀਂਹ ਵਿੱਚ ਭਾਈ ਸਾਹਿਬ ਜੀ ਦੀ ਸੋਚ ਕੰਮ ਕਰ ਰਹੀ ਹੈ।ਭਾਈ ਸਾਹਿਬ ਡਾ.ਦਲੀਪ ਸਿੰਘ ਜੀ ਦਾ ਸਬੰਧ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਤੇ ਮਹਾਨ ਗੁਰਸਿੱਖ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪਰਿਵਾਰ ਨਾਲ ਸੀ। ਆਪ ਜੀ ਨੇ ਵੀ ਕਈ ਧਾਰਮਿਕ ਪੁਸਤਕਾਂ ਪੰਥ ਦੀ ਝੋਲੀ ਵਿਚ ਪਾਈਆਂ ਪਰ ਹੈਰਾਨੀ ਦੀ ਗੱਲ ਇਹ ਸੀ ਕਿ ਉਨ੍ਹਾਂ ਨੇ ਕਦੇ ਵੀ ਕਿਸੇ ਪੁਸਤਕ ਉੱਤੇ ਆਪਣਾ ਨਾਮ ਨਹੀਂ ਲਿਖਿਆ। ਭਾਈ ਵੀਰ ਸਿੰਘ ਜੀ ਵਾਂਗ ਹੀ ਉਨ੍ਹਾਂ ਦੇ ਮਨ ਦੀ ਅਵਸਥਾ ਵੀ ਇਹੋ ਸੀ ਕਿ ‘ਮੇਰੀ ਛਿਪੇ ਰਹਿਣ ਦੀ ਚਾਹ, ਤੇ ਛਿਪ ਟੁਰ ਜਾਣ ਦੀ।’ ਉਨ੍ਹਾਂ ਦਾ ਮੰਨਣਾ ਸੀ ਕਿ ਇਹ ਲਿਖਣ ਦੀ ਦਾਤ ਗੁਰੂ ਦੀ ਹੈ ਤਾਂ ਫਿਰ ਮੈਂ ਆਪਣਾ ਨਾਮ ਕਿਉਂ ਛਾਪਾਂ? ਉਹ ਚਾਹੁੰਦੇ ਸਨ ਕਿ ਪਾਠਕ ਲਿਖਾਰੀ ਨਾਲ ਜੁੜਨ ਦੀ ਬਜਾਏ, ਲਿਖਤ ਵਿੱਚਲੇ ਗਿਆਨ ਅਤੇ ਗੁਰੂ ਨਾਲ ਜੁੜਨ। ਉਹ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ ਵੀ ਤਤਪਰ ਸਨ ਅਤੇ ਆਪ ਪਿੰਡ-ਪਿੰਡ ਜਾ ਕੇ ਕਥਾ ਕਰਦੇ ਸਨ ਤੇ ਸੰਗਤਾਂ ਨੂੰ ਧਾਰਮਿਕ ਸਾਹਿਤ ਅਤੇ ਪੁਸਤਕਾਂ ਵੰਡਿਆ ਕਰਦੇ ਸਨ, ਤਾਂ ਜੋ ਆਮ ਲੋਕਾਈ ਗੁਰੂ ਦੇ ਸ਼ਬਦ ਅਤੇ ਗਿਆਨ ਨਾਲ ਜੁੜ ਸਕੇ।ਗੁਰਬਾਣੀ ਦਾ ਫੁਰਮਾਨ ਹੈ: ‘ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥’ ਉਨ੍ਹਾਂ ਜੀਵਨ ਭਰ ਅਨੇਕਾਂ ਮਹਾਨ ਕਾਰਜ ਕੀਤੇ, ਪਰ ਕਦੇ ਵੀ ਅਖ਼ਬਾਰਾਂ ਦੀਆਂ ਸੁਰਖੀਆਂ ਜਾਂ ਸਟੇਜਾਂ ਦਾ ਸ਼ਿੰਗਾਰ ਬਣਨ ਦੀ ਇੱਛਾ ਨਹੀਂ ਰੱਖੀ। ਉਨ੍ਹਾਂ ਦੀ ਆਤਮਿਕ ਅਵਸਥਾ ਇੰਨੀ ਬੁਲੰਦ ਸੀ ਕਿ ਵੱਡੀਆਂ-ਵੱਡੀਆਂ ਸ਼ਖ਼ਸੀਅਤਾਂ, ਪੰਥ ਦੇ ਜਥੇਦਾਰ ਤੇ ਵਿਦਵਾਨ ਉਨ੍ਹਾਂ ਪਾਸੋਂ ਗੁੰਝਲਦਾਰ ਮਸਲਿਆਂ ’ਤੇ ਸਲਾਹ ਲੈਣ ਲਈ ਆਉਂਦੇ ਸਨ ਪਰ ਉਹ ਹਮੇਸ਼ਾ ਨਿਮਰਤਾ ਦੇ ਪੁਜਾਰੀ ਬਣੇ ਰਹੇ। ਇੱਕ ਵਾਰ ਦੀ ਘਟਨਾ ਉਨ੍ਹਾਂ ਦੀ ਨਿਰਮਾਣਤਾ ਦੀ ਸਿਖਰ ਨੂੰ ਬਿਆਨ ਕਰਦੀ ਹੈ। ਤਖ਼ਤ ਸ੍ਰੀ ਪਟਨਾ ਸਾਹਿਬ ਦੇ ਤਤਕਾਲੀ ਜਥੇਦਾਰ, ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ, ਭਾਈ ਸਾਹਿਬ ਜੀ ਦੀ ਜੀਵਨ ਸ਼ੈਲੀ, ਨਾਮ-ਅਭਿਆਸ ਅਤੇ ਪੰਥਕ ਸੇਵਾਵਾਂ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਭਾਈ ਸਾਹਿਬ ਨੂੰ ‘ਸੰਤ’ ਦੀ ਉਪਾਧੀ ਦਿੱਤੀ ਪਰ ‘ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ’ ਦੇ ਧਾਰਨੀ ਭਾਈ ਸਾਹਿਬ ਨੇ ਬੜੀ ਨਿਮਰਤਾ ਨਾਲ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਗੁਰੂ ਦੇ ‘ਸਿੱਖ’ ਅਤੇ ‘ਸੇਵਕ’ ਹੀ ਰਹਿਣ ਦਿੱਤਾ ਜਾਵੇ। ਉਨ੍ਹਾਂ ਨੇ ਇਸ ਗੱਲ ਨੂੰ ਕਦੇ ਵੀ ਜਨਤਕ ਨਹੀਂ ਹੋਣ ਦਿੱਤਾ ਅਤੇ ਨਾ ਹੀ ਇਸ ਦਾ ਕੋਈ ਪ੍ਰਚਾਰ ਕੀਤਾ। ਉਹ ਜਾਣਦੇ ਸਨ ਕਿ ਅਸਲ ਸਨਮਾਨ ਦੁਨੀਆ ਤੋਂ ਨਹੀਂ, ਸਗੋਂ ਦਰਗਾਹ ਵਿੱਚੋਂ ਮਿਲਦਾ ਹੈ।ਭਾਈ ਸਾਹਿਬ ਜੀ ਦਾ ਨਿੱਤ-ਜੀਵਨ ਨਾਮ-ਬਾਣੀ ਵਿੱਚ ਗੜੁੱਚ ਸੀ। ਉਨ੍ਹਾਂ ਦੇ ਚਿਹਰੇ ’ਤੇ ਹਮੇਸ਼ਾ ਇੱਕ ਅਲੌਕਿਕ ਨੂਰ ਰਹਿੰਦਾ ਸੀ। ਉਨ੍ਹਾਂ ਦੇ ਸੰਪਰਕ ਵਿੱਚ ਆਉਣ ਵਾਲਾ ਹਰ ਵਿਅਕਤੀ ਉਨ੍ਹਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਸੀ ਰਹਿੰਦਾ। ਉਹ ਚੱਲਦੇ-ਫਿਰਦੇ, ਕਾਰਜ ਕਰਦੇ ਹੋਏ ਵੀ ਸੁਰਤ ਕਰਕੇ ਸ਼ਬਦ ਨਾਲ ਜੁੜੇ ਰਹਿੰਦੇ ਸਨ। ਅੰਤ, ਕੁਦਰਤ ਦੇ ਨਿਯਮ ਅਨੁਸਾਰ, ਜੋ ਆਇਆ ਹੈ ਉਸ ਨੇ ਜਾਣਾ ਹੈ। ਕੁਝ ਦਿਨ ਸਰੀਰਕ ਤੌਰ ’ਤੇ ਅਸਵਸਥ ਰਹਿਣ ਉਪਰੰਤ, ਉਹ ਆਪਣੀ ਸਵਾਸਾਂ ਦੀ ਪੂੰਜੀ ਨੂੰ ਸਫਲ ਕਰਦਿਆਂ, ਅਕਾਲ ਪੁਰਖ ਦੇ ਹੁਕਮ ਵਿਚ 12 ਫਰਵਰੀ 2026 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਦਾ ਵਿਛੋੜਾ ਸਮੁੱਚੇ ਪੰਥ, ਪਰਿਵਾਰ ਤੇ ਸੇਵਕ ਟਰੱਸਟ ਲਈ ਇਕ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।ਭਾਈ ਸਾਹਿਬ ਡਾ. ਦਲੀਪ ਸਿੰਘ ਜੀ ਭਾਵੇਂ ਸਰੀਰਕ ਤੌਰ ’ਤੇ ਸਾਡੇ ਵਿਚਕਾਰ ਨਹੀਂ ਰਹੇ, ਪਰ ਉਨ੍ਹਾਂ ਦੁਆਰਾ ਆਰੰਭੇ ਕਾਰਜ, ਉਨ੍ਹਾਂ ਦੀ ਸੋਚ ਅਤੇ ਉਨ੍ਹਾਂ ਦਾ ਸਾਦਗੀ ਭਰਿਆ ਜੀਵਨ ਹਮੇਸ਼ਾ ਸਾਨੂੰ ਪ੍ਰੇਰਨਾ ਦਿੰਦਾ ਰਹੇਗਾ। ਵਿੱਦਿਆ ਦੇ ਖੇਤਰ ਵਿਚ ਭਾਈ ਸਾਹਿਬ ਜੀ ਵੱਲੋਂ ਸੇਵਕ ਸਕੂਲ ਦੇ ਰੂਪ ਵਿਚ ਲਾਇਆ ਗਿਆ। ਬੂਟਾ ਸਦਾ ਉਨ੍ਹਾਂ ਦੀ ਯਾਦ ਦਿਵਾਉਂਦਾ ਰਹੇਗਾ। 22 ਫਰਵਰੀ 2026 ਦਿਨ ਐਤਵਾਰ ਨੂੰ ਉਨ੍ਹਾਂ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਅਤੇ ਅੰਤਿਮ ਅਰਦਾਸ ਸੇਵਕ ਪਬਲਿਕ ਹਾਈ ਸਕੂਲ ਨਕੋਦਰ ਵਿਖੇ ਸਵੇਰੇ 7 ਵਜੇ ਤੋਂ ਦੁਪਹਿਰ 1 ਵਜੇ ਤਕ ਹੋਵੇਗੀ। ਭਾਈ ਸਾਹਿਬ ਜੀ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਉਨ੍ਹਾਂ ਦੇ ਦਰਸਾਏ ਸਾਦਗੀ, ਸੇਵਾ ਅਤੇ ਸਿਮਰਨ ਦੇ ਮਾਰਗ ’ਤੇ ਚੱਲੀਏ ਅਤੇ ਮਨੁੱਖਤਾ ਦੀ ਸੇਵਾ ਲਈ ਹਮੇਸ਼ਾ ਤਤਪਰ ਰਹੀਏ। ਭਾਈ ਸਾਹਿਬ ਜੀ ਦਾ ਜੀਵਨ ਸਾਡੇ ਲਈ ਹਮੇਸ਼ਾ ਇੱਕ ਚਾਨਣ-ਮੁਨਾਰਾ ਬਣਿਆ ਰਹੇਗਾ।

ਤੰਦਰੁਸਤ ਮਹਿਸੂਸ ਕਰਦੇ ਹੋ, ਫਿਰ ਵੀ ਦਿਲ ਦੀ ਨਿਯਮਤ ਜਾਂਚ ਕਿਉਂ ਜ਼ਰੂਰੀ ਹੈ?

ਡਾ. ਦੀਬਾਂਸ਼ੂ ਗੁਪਤਾ
ਇੰਟਰਵੇਨਸ਼ਨਲ ਕਾਰਡੀਓਲਾਜਿਸਟ, ਸਰਵੋਦਯਾ ਹਸਪਤਾਲ, ਜਲੰਧਰ

ਦਿਲ ਦੀ ਬਿਮਾਰੀ ਅਕਸਰ ਬਿਨਾਂ ਕਿਸੇ ਸਪਸ਼ਟ ਲੱਛਣ ਦੇ ਹੀ ਵਿਕਸਿਤ ਹੋ ਜਾਂਦੀ ਹੈ। ਉੱਚ ਰਕਤਚਾਪ (ਬਲੱਡ ਪ੍ਰੈਸ਼ਰ) ਅਤੇ ਵੱਧ ਕੌਲੇਸਟ੍ਰੋਲ ਵਰਗੀਆਂ ਸਮੱਸਿਆਵਾਂ ਕਈ ਸਾਲਾਂ ਤੱਕ ਪਤਾ ਹੀ ਨਹੀਂ ਲੱਗਦੀਆਂ। ਅਕਸਰ ਨੁਕਸਾਨ ਉਸ ਸਮੇਂ ਹੋ ਚੁੱਕਾ ਹੁੰਦਾ ਹੈ, ਜਦੋਂ ਤੱਕ ਦਰਦ ਜਾਂ ਹੋਰ ਲੱਛਣ ਸਾਹਮਣੇ ਆਉਂਦੇ ਹਨ।ਨਿਯਮਿਤ ਦਿਲ ਦੀ ਜਾਂਚ ਨਾਲ ਇਹ ਸਮੱਸਿਆਵਾਂ ਸ਼ੁਰੂਆਤੀ ਪੱਧਰ ’ਤੇ ਹੀ ਪਤਾ ਲੱਗ ਸਕਦੀਆਂ ਹਨ। ਰੋਕਥਾਮ ਵਾਲੀ ਸਿਹਤ ਸੇਵਾ (Preventive Care) ਨਾਲ ਸਮੱਸਿਆ ਨੂੰ ਗੰਭੀਰ ਹੋਣ ਤੋਂ ਪਹਿਲਾਂ ਹੀ ਸੰਭਾਲਿਆ ਜਾ ਸਕਦਾ ਹੈ। ਇਸ ਲਈ ਲੰਬੇ ਸਮੇਂ ਤੱਕ ਸਿਹਤਮੰਦ ਰਹਿਣ ਲਈ ਨਿਯਮਤ ਟੈਸਟ ਕਰਵਾਉਣਾ ਬਹੁਤ ਜ਼ਰੂਰੀ ਹੈ।ਦਿਲ ਦੀ ਜਾਂਚ ਕਦੋਂ ਤੋਂ ਸ਼ੁਰੂ ਕਰਨੀ ਚਾਹੀਦੀ ਹੈ? ਮਾਹਿਰਾਂ ਦੀ ਸਲਾਹ ਹੈ ਕਿ ਦਿਲ ਨਾਲ ਸੰਬੰਧਿਤ ਮੁੱਢਲੀ ਜਾਂਚ 20 ਸਾਲ ਦੀ ਉਮਰ ਤੋਂ ਸ਼ੁਰੂ ਕਰ ਦੇਣੀ ਚਾਹੀਦੀ ਹੈ। ਅਮਰੀਕਨ ਹਾਰਟ ਐਸੋਸੀਏਸ਼ਨ ਮੁਤਾਬਕ, ਜਲਦੀ ਸ਼ੁਰੂ ਕੀਤੀ ਗਈ ਜਾਂਚ ਨਾਲ ਸਿਹਤ ਵਿੱਚ ਆਉਂਦੇ ਬਦਲਾਅ ਨੂੰ ਸਮੇਂ-ਸਮੇਂ ’ਤੇ ਟਰੈਕ ਕੀਤਾ ਜਾ ਸਕਦਾ ਹੈ। ਹਰ ਸਾਲ ਹੋਣ ਵਾਲੀ ਆਮ ਸਿਹਤ ਜਾਂਚ (ਵੈਲਨੈੱਸ ਚੈਕ-ਅਪ) ਨਾਲ ਤੁਹਾਡੀ ਮੈਡੀਕਲ ਹਿਸਟਰੀ ਤਿਆਰ ਹੁੰਦੀ ਹੈ। ਨਿਯਮਿਤ ਨਿਗਰਾਨੀ ਨਾਲ ਡਾਕਟਰ ਕਿਸੇ ਵੀ ਸਮੱਸਿਆ ਨੂੰ ਗੰਭੀਰ ਰੂਪ ਧਾਰਨ ਕਰਨ ਤੋਂ ਪਹਿਲਾਂ ਹੀ ਪਛਾਣ ਸਕਦਾ ਹੈ।ਜ਼ਰੂਰੀ ਸਿਹਤ ਜਾਂਚਾਂ ਦੀ ਸਮਾਂ-ਸੂਚੀ ਹੇਠਾਂ ਦਿੱਤੀਆਂ ਜਾਂਚਾਂ ਨਿਯਮਿਤ ਤੌਰ ’ਤੇ ਕਰਵਾਉਣੀਆਂ ਚਾਹੀਦੀਆਂ ਹਨ: ਸਰੀਰਕ ਜਾਂਚ ਦੌਰਾਨ ਵਜ਼ਨ ਅਤੇ ਬਾਡੀ ਮਾਸ ਇੰਡੈਕਸ (BMI) ਹਰ ਸਾਲ ਚੈਕ ਕਰਵਾਓ।ਜੇ ਤੁਹਾਡਾ ਰਕਤਚਾਪ (BP) 120/80 mm Hg (ਨਾਰਮਲ) ਹੈ, ਤਾਂ ਵੀ ਹਰ ਦੋ ਸਾਲਾਂ

ਆਸਪੀਰੇਸ਼ਨ ਅੰਵਾਰਡ ਸਮਾਰੋਹ ਵਿੱਚ 62 ਵਿਦਿਆਰਥੀਆਂ ਸਕਾਲਰਸ਼ਿਪ ਨਾਲ ਸਨਮਾਨਿਤ

ਬਰਨਾਲਾ, 19 ਫਰਵਰੀ (ਹਮੀਰ ਸਿੰਘ) : ਭਾਰਤ ਦੇ ਟਾਪ 50 ਸਕੂਲਾਂ ਵਿੱਚ ਸ਼ਾਮਲ ਵਾਈਐਸ ਪਬਲਿਕ ਸਕੂਲ ਵੱਲੋਂ ਸ਼ਾਨਦਾਰ ਆਸਪੀਰੇਸ਼ਨ ਅਵਾਰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਹ ਸਮਾਰੋਹ ਸੀਬੀਐਸਈ ਕਲਾਸ 10 ਬੋਰਡ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਅਤੇ ਉਨ੍ਹਾਂ ਨੂੰ ਸਕਾਲਰਸ਼ਿਪ ਦੇਣ ਲਈ ਕਰਵਾਇਆ ਗਿਆ। ਸਕੂਲ ਲਈ ਇਹ ਮਾਣ ਵਾਲਾ ਪਲ ਸੀ, ਜਦੋਂ 62 ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਵਧੀਆ ਪ੍ਰਾਪਤੀ ਲਈ ਸਨਮਾਨਿਤ ਕੀਤਾ ਗਿਆ। ਸਮਾਰੋਹ ਦੌਰਾਨ ਕੁੱਲ 6 ਲੱਖ ਦੀ ਸਕਾਲਰਸ਼ਿਪ ਰਕਮ ਦੇ ਚੈਕ ਯੋਗ ਵਿਦਿਆਰਥੀਆਂ ਨੂੰ ਵੰਡੇ ਗਏ। ਉੱਚ ਪ੍ਰਦਰਸ਼ਨ ਕਰਨ ਵਾਲੇ ਤਿੰਨ ਵਿਦਿਆਰਥੀ - ਸਮਾਇਰਾ, ਅਵਨੀ ਅਤੇ ਹਰਸੀਰਤ ਨੂੰ ਵਿਸ਼ੇਸ਼ ਤੌਰ 'ਤੇ 40,000-40,000 ਦੇ ਚੈਕ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀ ਆਪਣੇ ਮਾਪਿਆਂ ਦੇ ਨਾਲ ਸ਼ਾਮਲ ਹੋਏ, ਜਿਸ ਨਾਲ ਸਮਾਰੋਹ ਦਾ ਮਾਹੌਲ ਭਾਵੁਕ ਅਤੇ ਖੁਸ਼ੀ ਭਰਿਆ ਬਣ ਗਿਆ। ਸਮਾਰੋਹ ਦਾ ਮਕਸਦ ਵਿਦਿਆਰਥੀਆਂ ਦੀ ਮਿਹਨਤ, ਲਗਨ ਅਤੇ ਸਮਰਪਣ ਨੂੰ ਮਾਨਤਾ ਦੇਣਾ ਅਤੇ ਹੋਰ ਵਿਦਿਆਰਥੀਆਂ ਨੂੰ ਵੀ ਉਤਮਤਾ ਵੱਲ ਪ੍ਰੇਰਿਤ ਕਰਨਾ ਸੀ। ਸਕੂਲ ਦੇ ਡਾਇਰੈਕਟਰ ਸ੍ਰੀ ਵਰੁਣ ਭਾਰਤੀ, ਜੋ ਕਿ ਇੱਕ ਸਨਮਾਨਿਤ ਵਿਦਿਆਰਥੀ ਦੇ ਮਾਣਯੋਗ ਮਾਤਾ-ਪਿਤਾ ਵੀ ਹਨ, ਨੇ ਆਪਣੇ ਪ੍ਰੇਰਕ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਲਗਾਤਾਰ ਮਿਹਨਤ, ਗੁਣਵੱਤਾਪੂਰਨ ਸਿੱਖਿਆ ਅਤੇ ਨੈਤਿਕ ਮੁੱਲਾਂ ਦੀ ਮਹੱਤਤਾ ਉੱਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਭਵਿੱਖ ਵਿੱਚ ਹੋਰ ਉੱਚੇ ਲਕਸ਼ ਨਿਰਧਾਰਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਇੱਕ ਪ੍ਰੈਸ ਕਾਨਫਰੰਸ ਵੀ ਆਯੋਜਿਤ ਕੀਤੀ ਗਈ, ਜਿਸ ਦੌਰਾਨ ਮੀਡੀਆ ਪ੍ਰਤਿਨਿਧੀਆਂ ਨੇ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਵਿਦਿਆਰਥੀਆਂ ਨੇ ਆਤਮਵਿਸ਼ਵਾਸ ਨਾਲ ਆਪਣੀ ਸਫਲਤਾ ਦੀ ਯਾਤਰਾ ਸਾਂਝੀ ਕੀਤੀ ਅਤੇ ਦੱਸਿਆ ਕਿ ਉਨ੍ਹਾਂ ਦੀ ਸਫਲਤਾ ਵਿੱਚ ਅਧਿਆਪਕਾਂ ਦੀ ਰਹਿਨੁਮਾਈ, ਸਕੂਲ ਦਾ ਸਹਾਇਕ ਅਕਾਦਮਿਕ ਮਾਹੌਲ ਅਤੇ ਮਾਪਿਆਂ ਦੇ ਸਹਿਯੋਗ ਦੀ ਮਹੱਤਵਪੂਰਨ ਭੂਮਿਕਾ ਰਹੀ। ਇਸ ਮੌਕੇ ਪ੍ਰਿੰਸੀਪਲ ਸ੍ਰੀ ਮੋਹਿਤ ਜਿੰਦਲ ਨੇ ਕਿਹਾ, 'ਵਾਈਐਸ ਪਬਲਿਕ ਸਕੂਲ ਵਿੱਚ ਅਸੀਂ ਪ੍ਰਤਿਭਾ ਦੀ ਪਹਿਚਾਣ ਕਰਨ ਅਤੇ ਮਿਹਨਤ ਦਾ ਸਨਮਾਨ ਕਰਨ ਵਿੱਚ ਵਿਸ਼ਵਾਸ ਰੱਖਦੇ ਹਾਂ। ਇਹ ਸਕਾਲਰਸ਼ਿਪ ਸਿਰਫ਼ ਆਰਥਿਕ ਸਹਾਇਤਾ ਨਹੀਂ, ਸਗੋਂ ਵਿਦਿਆਰਥੀਆਂ ਦੀ ਲਗਨ ਅਤੇ ਸਮਰਪਣ ਦਾ ਸਨਮਾਨ ਹਨ। ਸਾਨੂੰ ਆਪਣੇ ਵਿਦਿਆਰਥੀਆਂ 'ਤੇ ਮਾਣ ਹੈ।

ਸਿਵਲ ਸਰਜਨ ਵੱਲੋਂ ਜ਼ਿਲ੍ਹੇ 'ਚ ਸਿਹਤ ਸਹੂਲਤਾਂ ਬਾਰੇ ਮੀਟਿੰਗ

ਬਰਨਾਲਾ, 19 ਫਰਵਰੀ (ਬਘੇਲ ਸਿੰਘ ਧਾਲੀਵਾਲ) : ਸਿਹਤ ਤੇ ਪਰਿਵਾਰ ਭਲਾਈ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਵੱਲੋਂ ਸਿਵਲ ਸਰਜਨਾਂ ਅਤੇ ਡਿਪਟੀ ਮੈਡੀਕਲ ਕਮਿਸ਼ਨਰਾਂ ਨਾਲ ਸੂਬਾ ਪੱਧਰੀ ਕਾਨਫਰੰਸ ਵਿੱਚ ਮਿਲੇ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੇ ਸਮੂਹ ਪ੍ਰੋਗਰਾਮ ਅਫਸਰਾਂ, ਸੀਨੀਅਰ ਮੈਡੀਕਲ ਅਫਸਰਾਂ ਅਤੇ ਅਧਿਕਾਰੀਆਂ ਨਾਲ ਸਿਵਲ ਸਰਜਨ ਬਰਨਾਲਾ ਡਾ.ਹਰੀਪਾਲ ਸਿੰਘ ਸਿੱਧੂ ਵੱਲੋਂ ਵਿਸ਼ੇਸ਼ ਮੀਟਿੰਗ ਕੀਤੀ ਗਈ।

ਸਿਵਲ ਸਰਜਨ ਬਰਨਾਲਾ ਨੇ ਦੱਸਿਆ ਕਿ ਪ੍ਰਮੁੱਖ ਸਿਹਤ ਪ੍ਰੋਗਰਾਮਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿੱਚ ਮਰੀਜ਼ਾਂ ਨੂੰ ਦੇਖਭਾਲ ਸੇਵਾ ਪ੍ਰਦਾਨ ਕਰਨ, ਆਮ ਆਦਮੀ ਕਲੀਨਿਕਾਂ ਵਿੱਚ ਨਵੀਆਂ ਸੇਵਾਵਾਂ ਜਿਵੇਂ ਨਵਜਾਤ ਤੇ ਬਾਲ ਦੇਖ-ਭਾਲ, ਟੀਕਾਕਰਨ, ਗਰਭਵਤੀ ਔਰਤਾਂ ਦਾ ਚੈੱਕਅਪ ਅਤੇ ਕੈਂਸਰ ਸਕਰੀਨਿੰਗ ਸ਼ਾਮਿਲ ਹੋਵੇਗੀ। ਉਹਨਾਂ ਕਿਹਾ ਕਿ ਸਾਰੇ ਹਸਪਤਾਲਾਂ ਅਤੇ ਆਮ ਆਦਮੀ ਕਲੀਨਿਕਾਂ ਵਿੱਚ ਦਵਾਈਆਂ, ਲੈਬ ਟੈਸਟ ਅਤੇ ਗਰਭਵਤੀ ਔਰਤਾਂ ਦੀ ਸਿਵਲ ਹਸਪਤਾਲ ਅਤੇ ਸੂਚੀਬੱਧ ਸਕੈਨ ਸੈਂਟਰਾਂ ਵਿੱਚ ਮੁਫਤ ਅਲਟ੍ਰਾਸਾਊਂਡ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ। ਟੈਲੀ-ਮਾਨਸ ਸੇਵਾ ਨੂੰ ਪ੍ਰਭਾਵੀ ਢੰਗ ਨਾਲ ਚਲਾਉਣ ਦੀ ਹਦਾਇਤ ਦਿੱਤੀ ਤਾਂ ਜੋ ਮਾਨਸਿਕ ਸਿਹਤ ਸਬੰਧੀ ਸਮੱਸਿਆਵਾਂ ਵਾਲੇ ਮਰੀਜ਼ਾਂ ਨੂੰ ਮਾਹਿਰਾਂ ਨਾਲ ਟੋਲ ਫਰੀ ਫੋਨ ਨੰਬਰ 1800-89-14416 ਜਾਂ 14416 ਰਾਹੀਂ ਸਲਾਹ-ਮਸ਼ਵਰਾ ਆਸਾਨੀ ਨਾਲ ਮਿਲ ਸਕੇ। ਉਹਨਾਂ ਹਦਾਇਤ ਕੀਤੀ ਕਿ ਸਾਰੇ ਐਸ.ਐਮ.ਓਜ਼ ਆਪਣੇ ਅਧੀਨ ਆਉਂਦੇ ਸਿਹਤ ਕੇਂਦਰਾਂ ਦੀ ਨਿਯਮਿਤ ਮਾਨੀਟਰਿੰਗ ਕਰਨ, ਡਾਕਟਰਾਂ ਅਤੇ ਸਟਾਫ ਦੀ ਹਾਜ਼ਰੀ ਯਕੀਨੀ ਬਣਾਉਣ, ਦਵਾਈਆਂ ਦਾ ਸਟਾਕ ਪੂਰਾ ਰੱਖਣ ਅਤੇ ਬਾਇਓ-ਮੈਡੀਕਲ ਵੇਸਟ ਮੈਨੇਜਮੈਂਟ ਨਿਯਮਾਂ ਦੀ ਪੂਰੀ ਪਾਲਣਾ ਕਰਵਾਉਣ।

ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵੱਲੋਂ ਬਾਲ ਮਜ਼ਦੂਰੀ ਨੂੰ ਰੋਕਣ ਲਈ ਚੈਕਿੰਗ

ਮਹਿਲ ਕਲਾਂ, ਬਰਨਾਲਾ, 19 ਫਰਵਰੀ (ਬਘੇਲ ਸਿੰਘ ਧਾਲੀਵਾਲ) : ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਬਰਨਾਲਾ ਵੱਲੋਂ ਬਾਲ ਮਜ਼ਦੂਰੀ ਰੋਕਣ ਲਈ ਵਿਸ਼ੇਸ਼ ਚੈਕਿੰਗ ਕਰਕੇ ਬੱਚਿਆਂ ਦੇ ਅਧਿਕਾਰਾਂ ਬਾਰੇ ਜਾਗਰੂਕ ਗਿਆ। ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੈਨ ਇੰਡੀਆ ਰੈਸਕਿਊ ਅਤੇ ਰੀਹਬਲੀਟੇਸ਼ਨ ਪ੍ਰੋਗਰਾਮ ਤਹਿਤ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਰਤਿੰਦਰ ਪਾਲ ਕੌਰ ਧਾਲੀਵਾਲ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਗੁਰਜੀਤ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਬਰਨਾਲਾ ਵੱਲੋਂ ਮਹਿਲ ਕਲਾਂ ਵਿੱਚ ਲੇਬਰ ਵਿਭਾਗ ਤੇ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਬਾਲ ਮਜ਼ਦੂਰੀ ਨੂੰ ਰੋਕਣ ਲਈ ਇੱਕ ਵਿਸ਼ੇਸ਼ ਰੈਸਕਿਊ ਅਭਿਆਨ ਚਲਾਇਆ ਗਿਆ। ਇਸ ਸਬੰਧੀ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੇ ਦੱਸਿਆ ਕਿ ਇਸ ਅਭਿਆਨ ਮੁੱਖ ਮਕਸਦ ਬੱਚਿਆਂ ਨੂੰ ਬਾਲ ਮਜ਼ਦੂਰੀ ਅਤੇ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਬਚਾਉਣਾ ਹੈ। ਅਭਿਆਨ ਦੌਰਾਨ ਟੀਮ ਵੱਲੋਂ ਦੁਕਾਨਾਂ ਹੋਟਲਾਂ, ਰੇਹੜੀਆਂ 'ਤੇ ਵਿਸ਼ੇਸ਼ ਤੌਰ 'ਤੇ ਚੈਕਿੰਗ ਕੀਤੀ ਗਈ ਅਤੇ ਮਜ਼ਦੂਰੀ ਕਰਦੇ ਬੱਚਿਆਂ ਦੀ ਭਾਲ ਕੀਤੀ ਗਈ। ਇਸ ਚੈਕਿੰਗ ਅਭਿਆਨ ਦੌਰਾਨ ਇਕ ਨਾਬਾਲਿਗ ਬੱਚਿਆਂ ਨੂੰ ਰੈਸਕਿਊ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਰੇਸਕਿਊ ਉਪਰੰਤ ਬੱਚੇ ਦੀ ਸੁਰੱਖਿਆ ਅਤੇ ਭਲਾਈ ਨੂੰ ਧਿਆਨ ਵਿੱਚ ਰੱਖਦਿਆਂ ਉਸ ਨੂੰ ਅਗਲੀ ਕਾਨੂੰਨੀ ਕਾਰਵਾਈ ਅਤੇ ਪੁਨਰਵਾਸ ਲਈ ਚਾਈਲਡ ਵੈਲਫੇਅਰ ਕਮੇਟੀ ਦੇ ਸਾਹਮਣੇ ਪੇਸ਼ ਕੀਤਾ ਗਿਆ। ਇਸ ਕਾਰਵਾਈ ਦਾ ਮਕਸਦ ਬੱਚਿਆਂ ਨੂੰ ਮਜ਼ਦੂਰੀ ਵਰਗੀਆਂ ਗੈਰ ਕਾਨੂੰਨੀ ਅਤੇ ਅਨੈਤਿਕ ਪ੍ਰਥਾਵਾਂ ਤੋਂ ਬਚਾਉਣਾ ਹੈ। ਉਨ੍ਹਾਂ ਕਿਹਾ ਬਾਲ ਮਜ਼ਦੂਰੀ ਬੱਚਿਆਂ ਨੂੰ ਉਨ੍ਹਾਂ ਦੇ ਬਚਪਨ ਤੋਂ ਵਾਂਝਾ ਕਰਨ ਦੇ ਨਾਲ ਬੱਚਿਆਂ ਦੇ ਨਿਯਮਿਤ ਸਕੂਲ ਜਾਣ ਵਿੱਚ ਅੜਿੱਕਾ ਬਣਦਾ ਹੈ ਜੋ ਕਿ ਸਰੀਰਕ, ਸਮਾਜਿਕ, ਮਾਨਸਿਕ ਵਿਕਾਸ ਅਤੇ ਨੈਤਿਕ ਪੱਖੋਂ ਖ਼ਤਰਨਾਕ ਤੇ ਨੁਕਸਾਨ ਦੇਹ ਹੁੰਦਾ ਹੈ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਬੱਚਿਆਂ ਤੋਂ ਬਾਲ ਮਜ਼ਦੂਰੀ ਨਾ ਕਰਵਾਈ ਜਾਵੇ ਅਤੇ ਜੋ ਅਜਿਹਾ ਕਰਦਾ ਹੈ ਤਾਂ ਉਸ ਦੇ ਖਿਲਾਫ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਜੇਕਰ ਕਿਤੇ ਵੀ ਕੋਈ ਬੱਚਾ ਮਜ਼ਦੂਰੀ ਕਰਦਾ ਨਜ਼ਰ ਆਵੇ ਤਾਂ ਤੁਰੰਤ ਚਾਈਲਡ ਹੈਲਪ ਲਾਈਨ 1098 ਜਾਂ ਸੰਬੰਧਿਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ, ਤਾਂ ਜੋ ਬੱਚਿਆਂ ਨੂੰ ਸੁਰੱਖਿਅਤ ਅਤੇ ਸੁਨਿਹਰਾ ਭਵਿੱਖ ਪ੍ਰਦਾਨ ਕੀਤਾ ਜਾ ਸਕੇ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਬਰਨਾਲਾ ਤੋਂ ਬਲਵਿੰਦਰ ਸਿੰਘ, ਲੇਬਰ ਇੰਸਪੈਕਟਰ ਮਨਪ੍ਰੀਤ ਸਿੰਘ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਵੱਲੋਂ ਐੱਸ. ਡੀ. ਕਾਲਜ ਵਿੱਚ 66ਵੀਆਂ ਸਾਲਾਨਾ ਖੇਡਾਂ ਦੀ ਸ਼ੁਰੂਆਤ

ਬਰਨਾਲਾ, 19 ਫਰਵਰੀ (ਬਘੇਲ ਸਿੰਘ ਧਾਲੀਵਾਲ) : ਐੱਸ. ਡੀ. ਕਾਲਜ ਬਰਨਾਲਾ ਦੀਆਂ ਵਿੱਦਿਅਕ ਸੰਸਥਾਵਾਂ ਦੇ 70ਵੇਂ ਵਰ੍ਹੇ ਨੂੰ ਸਮਰਪਿਤ 66ਵੀਆਂ ਸਾਲਾਨਾ ਖੇਡਾਂ ਦੀ ਅੱਜ ਸ਼ਾਨੋ ਸ਼ੌਕਤ ਨਾਲ ਸ਼ੁਰੂਆਤ ਹੋਈ। ਇਨ੍ਹਾਂ ਖੇਡਾਂ ਦੀ ਸ਼ੁਰੂਆਤ ਮੌਕੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘਲੂ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਡਿਪਟੀ ਕਮਿਸ਼ਨਰ ਨੇ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਐੱਸ. ਡੀ. ਪੋਸਟ ਗ੍ਰੈਜੂਏਟ ਕਾਲਜ, ਕਾਲਜ ਆਫ਼ ਐਜੂਕੇਸ਼ਨ, ਕਾਲਜ ਆਫ਼ ਫਾਰਮੇਸੀ, ਕਾਲਜ ਆਫ਼ ਡੀ ਫ਼ਾਰਮੇਸੀ (ਆਯੁਰਵੈਦਿਕ) ਅਤੇ ਡਾ. ਰਘੂਬੀਰ ਪ੍ਰਕਾਸ਼ ਐੱਸ. ਡੀ. ਸੀਨੀ. ਸੈਕੰਡਰੀ ਸਕੂਲ ਦੇ ਵਿਦਿਆਰਥੀ ਖਿਡਾਰੀਆਂ ਤੋਂ ਮਾਰਚ ਪਾਸਟ ਦੀ ਸਲਾਮੀ ਲੈਂਦੇ ਹੋਏ ਖੇਡਾਂ ਦਾ ਰਸਮੀ ਉਦਘਾਟਨ ਕੀਤਾ। ਮਾਰਚ ਪਾਸਟ ਦੀ ਅਗਵਾਈ ਯੂਨੀਵਰਸਿਟੀ ਅਤੇ ਰਾਸ਼ਟਰੀ ਪੱਧਰ 'ਤੇ ਖੇਡਾਂ ਵਿੱਚ ਪ੍ਰਾਪਤੀਆਂ ਕਰਨ ਵਾਲੇ ਖਿਡਾਰੀਆਂ ਨੇ ਕੀਤੀ। ਡਿਪਟੀ ਕਮਿਸ਼ਨਰ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਵਿਦਿਆਥੀਆਂ ਨੂੰ ਦੱਸਿਆ ਕਿ ਇਸ ਅਹੁਦੇ 'ਤੇ ਪਹੁੰਚਣ ਲਈ ਉਨ੍ਹਾਂ ਲਗਾਤਾਰ ਮਿਹਨਤ ਕੀਤੀ ਹੈ, ਜਦ ਕਦੇ ਵੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਤਾਂ ਉਨ੍ਹਾਂ ਮਾਯੂਸ ਹੋਣ ਦੀ ਬਜਾਏ ਹੋਰ ਵੀ ਡਟ ਕੇ ਮੁਸ਼ਕਿਲਾਂ ਦਾ ਸਾਹਮਣਾ ਕੀਤਾ। ਇਹ ਖੇਡਾਂ ਡਾ. ਬਹਾਦਰ ਸਿੰਘ, ਪ੍ਰੋ. ਬਲਵਿੰਦਰ ਕੁਮਾਰ ਸ਼ਰਮਾਲੂ ਪ੍ਰੋ. ਜਸਵਿੰਦਰ ਕੌਰ ਅਤੇ ਮੈਡਮ ਗਗਨਦੀਪ ਕੌਰ ਦੀ ਦੇਖ-ਰੇਖ ਵਿਚ ਕਰਵਾਈਆਂ ਜਾ ਰਹੀਆਂ ਹਨ। ਇਸ ਖੇਡ ਮੇਲੇ 'ਚ ਹੋਰਨਾਂ ਤੋਂ ਇਲਾਵਾ ਐੱਸ. ਡੀ. ਕਾਲਜ ਪ੍ਰਬੰਧਕੀ ਕਮੇਟੀ ਦੇ ਉਪ ਪ੍ਰਧਾਨ ਸ੍ਰੀ ਰਾਹੁਲ ਅੱਤਰੀ, ਡਾਇਰੈਕਟਰ ਸ੍ਰੀ ਹਰਦਿਆਲ ਸਿੰਘ ਅੱਤਰੀ, ਜੁਆਇੰਟ ਵਿੱਤ ਸਕੱਤਰ ਡਾ. ਰਾਹੁਲ ਗਾਰਗੀਲੂ ਮੈਂਬਰ ਸ੍ਰੀ ਭੂਸ਼ਨ ਕੁਮਾਰ, ਪ੍ਰਿੰਸੀਪਲ ਡਾ. ਰਮਾ ਸ਼ਰਮਾ, ਪ੍ਰਿੰਸੀਪਲ ਡਾ. ਤਪਨ ਕੁਮਾਰ ਸਾਹੂ, ਪ੍ਰਿੰਸੀਪਲ ਡਾ. ਵਿਜੈ ਬਾਂਸਲ, ਪ੍ਰਿੰਸੀਪਲ ਡਾ. ਮੀਨਾ ਗਰਗ, ਪ੍ਰਿੰਸੀਪਲ ਕਸ਼ਮੀਰ ਸਿੰਘ, ਸ਼ਹਿਰ ਦੇ ਪਤਵੰਤੇ, ਸਾਰੀਆਂ ਸੰਸਥਾਵਾਂ ਦਾ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਦੇ ਨਾਲ-ਨਾਲ ਵੱਡੀ ਗਿਣਤੀ ਵਿਚ ਵਿਦਿਆਰਥੀ ਹਾਜ਼ਰ ਸਨ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਮਾ ਸ਼ਰਮਾ ਨੇ ਧੰਨਵਾਦ ਕਰਦਿਆਂ ਵਿਸ਼ਵਾਸ ਦਵਾਇਆ ਕਿ ਸੰਸਥਾ ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿਚ ਇਸੇ ਤਰ੍ਹਾਂ ਬੁਲੰਦੀਆਂ ਹਾਸਲ ਕਰਨ ਲਈ ਯਤਨਸ਼ੀਲ ਰਹੇਗੀ। ਇਸ ਦੌਰਾਨ ਡਾ. ਸੀਮਾ ਸ਼ਰਮਾਂ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਖੇਡਾਂ ਦੇ ਪਹਿਲੇ ਦਿਨ ਵੱਖ-ਵੱਖ ਦੌੜਾਂ, ਲੰਮੀ ਛਾਲ, ਉੱਚੀ ਛਾਲ, ਸ਼ਾਟਪੁਟ ਅਤੇ ਜੈਵਲਿਨ ਥਰੋਅ ਦੇ ਆਰੰਭਿਕ ਮੁਕਾਬਲੇ ਕਰਵਾਏ ਗਏ।

ਬੀਵੀਐਮ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦਾ ਨਾਲੇਜ਼ ਓਲੰਪੀਆਡ ਵਿੱਚ ਸ਼ਾਨਦਾਰ ਪ੍ਰਦਰਸ਼ਨ

ਬਰਨਾਲਾ, 19 ਫਰਵਰੀ (ਇਸ਼ੇਨ ਕੰਗ) : ਲਗਾਤਾਰ ਅਕਾਦਮਿਕ ਉੱਤਮਤਾ ਵੱਲ ਵਧਦੇ ਹੋਏ, ਬੀਵੀਐਮ ਇੰਟਰਨੈਸ਼ਨਲ ਸਕੂਲ, ਬਰਨਾਲਾ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਆਪਣੀ ਪ੍ਰਤਿਭਾ ਅਤੇ ਗਿਆਨ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਸਕੂਲ ਨੇ ਸਿਲਵਰ ਜ਼ੋਨ ਫਾਊਂਡੇਸ਼ਨ ਦੁਆਰਾ ਆਯੋਜਿਤ ਜਨਰਲ ਨਾਲੇਜ ਓਲੰਪੀਆਡ (ਜੀ.ਕੇ.ਓ.) ਵਿੱਚ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ। ਸਕੂਲ ਦੇ ਵਿਦਿਆਰਥੀਆਂ ਨੇ ਇਸ ਵੱਕਾਰੀ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਨਾਲ ਸਕੂਲ, ਮਾਪਿਆਂ ਅਤੇ ਸਾਰੇ ਅਧਿਆਪਕਾਂ ਨੂੰ ਮਾਣ ਹੋਇਆ। ਛੇਵੀਂ ਜਮਾਤ ਦੇ ਹੁਸ਼ਿਆਰ ਵਿਦਿਆਰਥੀ ਨਕਸ਼ ਨੇ ਆਪਣੀ ਬੇਮਿਸਾਲ ਆਮ ਗਿਆਨ ਯੋਗਤਾ, ਤਰਕਪੂਰਨ ਸੋਚ ਅਤੇ ਵਿਆਪਕ ਬੌਧਿਕ ਸਮਝ ਦਾ ਪ੍ਰਦਰਸ਼ਨ ਕੀਤਾ ਅਤੇ ਸੋਨ ਤਗਮਾ ਜਿੱਤਿਆ। ਛੇਵੀਂ ਜਮਾਤ ਦੇ ਵਿਦਿਆਰਥੀ ਅਨੁਰਾਗ ਪਾਂਡੇ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਲਈ ਚਾਂਦੀ ਦਾ ਤਗਮਾ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਦੋਵਾਂ ਵਿਦਿਆਰਥੀਆਂ ਦੀ ਇਹ ਪ੍ਰਾਪਤੀ ਉਨ੍ਹਾਂ ਦੀ ਨਿਰੰਤਰ ਮਿਹਨਤ, ਅਨੁਸ਼ਾਸਨ ਅਤੇ ਸਿੱਖਣ ਪ੍ਰਤੀ ਸਮਰਪਣ ਦਾ ਨਤੀਜਾ ਹੈ। ਜਨਰਲ ਨਾਲੇਜ ਓਲੰਪੀਆਡ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਿਸ਼ਵਵਿਆਪੀ ਜਾਗਰੂਕਤਾ, ਵਿਸ਼ਲੇਸ਼ਣਾਤਮਕ ਯੋਗਤਾ ਅਤੇ ਸਮਕਾਲੀ ਮੁੱਦਿਆਂ ਵਿੱਚ ਦਿਲਚਸਪੀ ਵਿਕਸਤ ਕਰਨਾ ਹੈ। ਸਕੂਲ ਦੇ ਚੇਅਰਮੈਨ ਸ੍ਰੀ ਪ੍ਰਮੋਦ ਅਰੋੜਾ, ਡਾਇਰੈਕਟਰ ਸ੍ਰੀਮਤੀ ਗੀਤਾ ਅਰੋੜਾ, ਸ੍ਰੀ ਨਿਖਿਲ ਅਰੋੜਾ ਅਤੇ ਸ੍ਰੀਮਤੀ ਨੇਹੁਲ ਅਰੋੜਾ ਨੇ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਸਫਲਤਾ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਕਿਹਾ ਕਿ ਸਕੂਲ ਹਮੇਸ਼ਾ ਵਿਦਿਆਰਥੀਆਂ ਦੇ ਸਰਵਪੱਖੀ ਵਿਕ

ਰੋਜ਼ਾਨਾ ਚੜ੍ਹਦੀਕਲਾ ਸਿਹਤ ਖ਼ਬਰਨਾਮਾ



ਨਿੰਮ ਦੇ ਪੱਤੇ ਚੱਬਣ ਨਾਲ ਇਮਿਊਨ ਸਿਸਟਮ ਮਜ਼ਬੂਤ ਹੁੰਦੈ

ਨਿੰਮ ਦੇ ਪੱਤੇ ਸੁਆਦ ਵਿੱਚ ਕੌੜੇ ਹੋ ਸਕਦੇ ਹਨ, ਪਰ ਇਨ੍ਹਾਂ ਵਿੱਚ ਬਹੁਤ ਸਾਰੇ ਔਸ਼ਧੀ ਗੁਣ ਹਨ। ਆਯੁਰਵੇਦ ਵਿੱਚ ਨਿੰਮ ਦੇ ਪੱਤਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਨਿੰਮ ਦੇ ਪੱਤਿਆਂ ਨੂੰ ਐਂਟੀਬੈਕਟੀਰੀਅਲ, ਐਂਟੀਵਾਇਰਲ

ਅਤੇ ਐਂਟੀਫੰਗਲ ਦਵਾਈ ਵਜੋਂ ਵਰਤਿਆ ਜਾਂਦਾ ਹੈ। ਇਨ੍ਹਾਂ ਪੱਤਿਆਂ ਨੂੰ ਖਾਣ ਨਾਲ ਸਰੀਰ ਨੂੰ ਡੀਟੌਕਸੀਫਾਈ ਕਰਨ ਵਿੱਚ ਮਦਦ ਮਿਲਦੀ ਹੈ। ਨਿੰਮ ਦੇ ਪੱਤੇ ਚਬਾਉਣ ਨਾਲ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ।

ਨਿੰਮ ਦੇ ਪੱਤੇ ਖਾਣ ਦੇ ਫਾਇਦੇ

ਮਜ਼ਬੂਤ ਇਮਿਊਨਿਟੀ - ਨਿੰਮ ਦੇ ਪੱਤੇ ਖਾਣ ਨਾਲ ਬਿਮਾਰੀਆਂ ਤੋਂ ਬਚਣ ਵਿੱਚ ਮਦਦ ਮਿਲਦੀ ਹੈ ਅਤੇ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ। ਨਿੰਮ ਖਾਣ ਨਾਲ ਵਾਇਰਲ ਅਤੇ ਮੌਸਮੀ ਇਨਫੈਕਸ਼ਨਾਂ ਦਾ ਖ਼ਤਰਾ ਵੀ ਘੱਟ ਜਾਂਦਾ ਹੈ।

ਸਾਫ਼ ਚਮੜੀ - ਨਿੰਮ ਦੇ ਪੱਤੇ ਖਾਣ ਨਾਲ ਖੂਨ ਸ਼ੁੱਧ ਹੁੰਦਾ ਹੈ। ਮੁਹਾਸੇ, ਮੁਹਾਸੇ ਅਤੇ ਚਮੜੀ ਦੀ ਐਲਰਜੀ ਤੋਂ ਪੀੜਤ ਲੋਕਾਂ ਨੂੰ ਨਿੰਮ ਦੇ ਪੱਤੇ ਖਾਣੇ ਚਾਹੀਦੇ ਹਨ। ਨਿੰਮ ਦੇ ਪੱਤੇ ਚਬਾਉਣ ਨਾਲ ਚਮੜੀ ਸਾਫ਼ ਅਤੇ ਚਮਕਦਾਰ ਬਣੀ ਰਹਿੰਦੀ ਹੈ।

ਸ਼ੂਗਰ ਕੰਟਰੋਲ - ਨਿੰਮ ਦੇ ਪੱਤੇ ਸ਼ੂਗਰ ਨੂੰ ਕੰਟਰੋਲ ਕਰਨ ਵਿੱਚ ਵੀ ਫਾਇਦੇਮੰਦ ਹੁੰਦੇ ਹਨ। ਨਿੰਮ ਬਲੱਡ ਸ਼ੂਗਰ ਦੇ ਪੱਧਰ ਨੂੰ ਨਿਯੰਤ੍ਰਿਤ ਕਰਦਾ ਹੈ ਅਤੇ ਬਲੱਡ ਸ਼ੂਗਰ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ।

ਮਜ਼ਬੂਤ ਪਾਚਨ - ਨਿੰਮ ਦੇ ਪੱਤੇ ਖਾਣਾ ਪੇਟ ਦੀਆਂ ਸਮੱਸਿਆਵਾਂ ਜਿਵੇਂ ਕਿ ਕਬਜ਼, ਗੈਸ ਅਤੇ ਫੁੱਲਣ ਲਈ ਫਾਇਦੇਮੰਦ ਹੈ। ਨਿੰਮ ਦੇ ਪੱਤੇ ਖਾਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ। ਇਸ ਨਾਲ ਭੁੱਖ ਵਧਦੀ ਹੈ ਅਤੇ ਪੇਟ ਸਾਫ਼ ਰਹਿੰਦਾ ਹੈ।

ਮੂੰਹ ਅਤੇ ਦੰਦਾਂ ਦੀ ਸਫਾਈ - ਨਿੰਮ ਦੇ ਪੱਤਿਆਂ ਨਾਲ ਬੁਰਸ਼ ਕਰਨਾ ਲਾਭਦਾਇਕ ਹੈ, ਅਤੇ ਕੁਝ ਪੱਤੇ ਚਬਾਉਣ ਨਾਲ ਸਾਹ ਦੀ ਬਦਬੂ ਦੂਰ ਹੋ ਸਕਦੀ ਹੈ। ਇਹ ਮੂੰਹ ਵਿੱਚ ਉੱਗਣ ਵਾਲੇ ਬੈਕਟੀਰੀਆ ਨੂੰ ਮਾਰਦਾ ਹੈ।

ਪੈਰਾਲੰਪਿਕ ਖੇਡਾਂ 'ਚ ਇੱਕ ਦਹਾਕੇ ਬਾਅਦ ਹੋਵੇਗੀ ਰੂਸੀ ਝੰਡੇ ਤੇ ਰਾਸ਼ਟਰੀ ਗੀਤ ਦੀ ਵਾਪਸੀ

ਮਿਲਾਨ, 19 ਫਰਵਰੀ (ਚ.ਨ.ਸ.) : ਰੂਸੀ ਖਿਡਾਰੀ ਇਕ ਦਹਾਕੇ ਤੋਂ ਵੱਧ ਸਮੇਂ 'ਚ ਪਹਿਲੀ ਵਾਰ ਪੈਰਾਲੰਪਿਕ ਸਰਦ ਰੁੱਤ ਖੇਡਾਂ 'ਚ ਆਪਣੇ ਦੇਸ਼ ਦੇ ਝੰਡੇ ਹੇਠ ਮੁਕਾਬਲਾ ਕਰਨਗੇ ਤੇ ਉਸ ਦੇ ਕਿਸੇ ਖਿਡਾਰੀ ਦੇ ਸੋਨ ਤਗਮਾ ਜਿੱਤਣ 'ਤੇ ਤਗਮਾ ਵੰਡ ਸਮਾਰੋਹ 'ਚ ਰੂਸ ਦਾ ਰਾਸ਼ਟਰੀ ਗੀਤ ਵਜਾਇਆ ਜਾਵੇਗਾ। ਇਸ ਦਾ ਐਲਾਨ ਮੰਗਲਵਾਰ ਨੂੰ ਕੀਤਾ ਗਈ ਜਿਸ ਦਾ ਮਤਲਬ ਹੈ ਕਿ ਲਾਸ ਏਂਜਲਸ 'ਚ 2028 'ਚ ਹੋਣ ਵਾਲੀਆਂ ਗਰਮ ਰੁੱਤ ਓਲੰਪਿਕ ਖੇਡਾਂ ਤੋਂ ਕਾਫੀ ਪਹਿਲਾਂ ਓਲੰਪਿਕ ਜਗਤ 'ਚ ਰੂਸ ਤੇ ਉਸ ਦੀ ਰਾਸ਼ਟਰੀ ਪਛਾਣ ਪੂਰੀ ਤਰ੍ਹਾਂ ਬਹਾਲ ਹੋ ਜਾਵੇਗੀ।ਕੌਮਾਂਤਰੀ ਪੈਰਾਲੰਪਿਕ ਕਮੇਟੀ ਨੇ ਬਿਆਨ 'ਚ ਕਿਹਾ ਕਿ ਰੂਸ ਦੀ ਰਾਸ਼ਟਰੀ ਪੈਰਾਲੰਪਿਕ ਕਮੇਟੀ ਨੂੰ ਆਗਾਮੀ ਮਿਲਾਨ ਕੋਰਟੀਨਾ ਪੈਰਾਲੰਪਿਕ ਖੇਡਾਂ ਲਈ 6 ਸਥਾਨ ਅਲਾਟ ਕੀਤੇ ਗਏ ਹਨ। ਇਹ 2014 'ਚ ਰੂਸ ਦੇ ਸੋਚੀ 'ਚ ਹੋਈਆਂ ਪੈਰਾਲੰਪਿਕ ਸਰਦ ਰੁੱਤ ਖੇਡਾਂ ਤੋਂ ਬਾਅਦ ਪਹਿਲੀ ਵਾਰ ਹੋਵੇਗਾ ਜਦੋਂ ਪੈਰਾਲੰਪਿਕ ਖੇਡਾਂ 'ਚ ਰੂਸ ਦਾ ਝੰਡਾ ਲਹਿਰਾਇਆ ਜਾਵੇਗਾ।

ਇਮਰਾਨ ਸਿਹਤ ਮਾਮਲਾ: ਵਿਰੋਧੀ ਗੱਠਜੋੜ ਦਾ ਧਰਨਾ ਖ਼ਤਮ

ਇਸਲਾਮਾਬਾਦ, 19 ਫਰਵਰੀ (ਚ.ਨ.ਸ.) : ਪਾਕਿਸਤਾਨ ਦੇ ਵਿਰੋਧੀ ਗੱਠਜੋੜ ਨੇ ਜੇਲ੍ਹ ਵਿੱਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਸਿਹਤ ਨੂੰ ਲੈ ਕੇ ਕੌਮੀ ਰਾਜਧਾਨੀ ਵਿੱਚ ਕਈ ਦਿਨਾਂ ਤੋਂ ਚੱਲ ਰਿਹਾ ਆਪਣਾ ਧਰਨਾ ਅੱਜ ਖ਼ਤਮ ਕਰ ਦਿੱਤਾ। ਟੀ ਟੀ ਏ ਪੀ ਨੇ ਸ਼ੁੱਕਰਵਾਰ ਨੂੰ ਇਸਲਾਮਾਬਾਦ ਵਿੱਚ ਦੋ ਥਾਵਾਂ 'ਤੇ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤੇ ਸਨ। ਇਨ੍ਹਾਂ ਵਿੱਚ ਸੰਸਦ ਦੀ ਇਮਾਰਤ ਅਤੇ ਖੈਬਰ ਪਖ਼ਤੂਨਖਵਾ ਹਾਊਸ ਸ਼ਾਮਲ ਸਨ। ਇਸ ਗੱਠਜੋੜ 'ਚ ਇਮਰਾਨ ਖ਼ਾਨ ਦੀ ਪੀ ਟੀ ਆਈ ਵੀ ਸ਼ਾਮਲ ਹੈ। ਗੱਠਜੋੜ ਨੇ ਇਹ ਕਹਿੰਦੇ ਹੋਏ ਪ੍ਰਦਰਸ਼ਨ ਖ਼ਤਮ ਕਰ ਦਿੱਤਾ ਕਿ ਉਨ੍ਹਾਂ ਨੇ ਇਮਰਾਨ ਖਾਨ ਦੀ ਸਿਹਤ ਦੇ ਮੁੱਦੇ ਨੂੰ ਪ੍ਰਮੁੱਖਤਾ ਨਾਲ ਉਠਾਉਣ ਦਾ ਆਪਣਾ ਮਕਸਦ ਪੂਰਾ ਕਰ ਲਿਆ ਹੈ। ਸੰਸਦ ਦੇ ਉੱਪਰਲੇ ਸਦਨ ਵਿੱਚ ਵਿਰੋਧੀ ਧਿਰ ਦੇ ਨੇਤਾ ਅੱਲਾਮਾ ਰਾਜਾ ਨਾਸਿਰ ਅੱਬਾਸ ਨੇ ਮੰਗ ਕੀਤੀ ਕਿ ਖਾਨ ਦੇ ਨਿੱਜੀ ਡਾਕਟਰ ਨੂੰ ਉਨ੍ਹਾਂ ਨਾਲ ਮਿਲਣ ਦੀ ਇਜਾਜ਼ਤ ਦਿੱਤੀ ਜਾਵੇ।

ਇੱਕ ਪੌਦਾ ਪ੍ਰਤੀ ਦਿਨ ਦੇ ਵਾਅਦੇ ਦੇ ਪੰਜ ਸਾਲ: ਸ਼ਿਵਰਾਜ ਸਿੰਘ ਚੌਹਾਨ

ਨਵੀਂ ਦਿੱਲੀ, 19 ਫਰਵਰੀ (ਅੰਮ੍ਰਿਤਪਾਲ ਸਿੰਘ) : ਕੇਂਦਰੀ ਖੇਤੀਬਾੜੀ, ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ, ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਦੁਆਰਾ ਇੱਕ ਪੌਦਾ ਪ੍ਰਤੀ ਦਿਨ ਦੇ ਵਾਅਦੇ ਦੇ ਪੰਜ ਸਾਲ ਪੂਰੇ ਹੋਣ 'ਤੇ ਅੱਜ ਨਵੀਂ ਦਿੱਲੀ ਦੇ ਪੂਸਾ ਦੇ ਏ.ਪੀ. ਸ਼ਿੰਦੇ ਹਾਲ ਵਿਖੇ ਆਯੋਜਿਤ ਇੱਕ ਵਿਸ਼ੇਸ਼ ਪ੍ਰੋਗਰਾਮ ਨੇ ਉਨ੍ਹਾਂ ਦੇ ਨਿੱਜੀ ਵਾਅਦੇ ਨੂੰ ਰਾਸ਼ਟਰੀ ਜਨ ਅੰਦੋਲਨ ਵਿੱਚ ਬਦਲਣ ਵੱਲ ਠੋਸ ਕਦਮਾਂ ਦੀ ਸ਼ੁਰੂਆਤ ਕੀਤੀ। ਸਟੇਜ ਤੋਂ, ਉਨ੍ਹਾਂ ਨੇ ਨਿਰਦੇਸ਼ ਦਿੱਤਾ ਕਿ ਉਨ੍ਹਾਂ ਦੇ ਵਿਭਾਗਾਂ ਦੇ ਸਾਰੇ ਪ੍ਰੋਗਰਾਮ ਰੁੱਖ ਲਗਾਉਣ ਨਾਲ ਸ਼ੁਰੂ ਹੋਣ। ਉਨ੍ਹਾਂ ਨੇ ਸਵਾਗਤ ਸਮਾਰੋਹ ਵਿੱਚ ਯਾਦਗਾਰੀ ਚਿੰਨ੍ਹਾਂ ਦੀ ਬਜਾਏ ਰੁੱਖਾਂ ਦੀਆਂ ਫੋਟੋਆਂ ਪੇਸ਼ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਨੇ ਇੱਕ ਟ੍ਰੀ ਬੈਂਕ ਅਤੇ ਅੰਕੁਰ ਵਰਗੇ ਪਲੇਟਫਾਰਮ ਦਾ ਸੰਕਲਪ ਵੀ ਪੇਸ਼ ਕੀਤਾ। ਸਾਧਵੀ ਦੀਦੀ ਮਾਂ ਰਿਤੰਬਰਾ, ਵਾਤਾਵਰਣ ਪ੍ਰੇਮੀ ਡਾ. ਅਨਿਲ ਜੋਸ਼ੀ, ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਦੇ ਡਾਇਰੈਕਟਰ ਜਨਰਲ ਡਾ. ਐਮ.ਐਲ. ਜਾਟ, ਸ਼੍ਰੀਮਤੀ ਸਾਧਨਾ ਸਿੰਘ, ਅਤੇ ਸੀਨੀਅਰ ਪੱਤਰਕਾਰ ਸ਼੍ਰੀ ਆਸ਼ੂਤੋਸ਼ ਝਾਅ ਸਮੇਤ ਹੋਰ ਪਤਵੰਤੇ ਇਸ ਸਮਾਗਮ ਵਿੱਚ ਮੌਜੂਦ ਸਨ। ਸਾਰੇ ਮਹਿਮਾਨਾਂ ਨੇ ਸ਼ੁਰੂ ਵਿੱਚ ਪੂਸਾ ਕੈਂਪਸ ਵਿੱਚ ਰੁੱਖ ਲਗਾਏ। ਸ਼੍ਰੀ ਚੌਹਾਨ ਨੇ ਸਮਾਗਮ ਵਿੱਚ ਸਮਝਾਇਆ ਕਿ ਇਹ

ਮਤਾ ਕਿਸੇ ਇੱਕ ਭਾਵਨਾਤਮਕ ਪ੍ਰੇਰਨਾ ਤੋਂ ਨਹੀਂ, ਸਗੋਂ ਸਾਲਾਂ ਦੌਰਾਨ ਵਿਕਸਤ ਵਾਤਾਵਰਣ ਦ੍ਰਿਸ਼ਟੀਕੋਣ ਤੋਂ ਪੈਦਾ ਹੋਇਆ ਸੀ। 2017 ਵਿੱਚ ਉਨ੍ਹਾਂ ਦੀ ਅਗਵਾਈ ਵਿੱਚ ਇਤਿਹਾਸਕ ਨਰਮਦਾ ਸੇਵਾ ਯਾਤਰਾ ਦੇ ਸਮਾਪਤੀ @ਤੇ, ਮੱਧ ਪ੍ਰਦੇਸ਼ ਵਿੱਚ 60 ਮਿਲੀਅਨ ਤੋਂ ਵੱਧ ਰੁੱਖ ਲਗਾਏ ਗਏ, ਜਿਸ ਨਾਲ ਨਦੀ, ਜੰਗਲ ਅਤੇ ਜਲਵਾਯੂ ਸੰਭਾਲ ਨੂੰ ਇੱਕ ਜਨ ਅੰਦੋਲਨ ਵਿੱਚ ਬਦਲ ਦਿੱਤਾ ਗਿਆ। ਇਸ ਸੰਦਰਭ ਵਿੱਚ, ਅੰਕੁਰ ਅਭਿਆਨ ਸ਼ੁਰੂ ਕੀਤਾ ਗਿਆ ਸੀ, ਜਿਸ ਵਿੱਚ ਨਾਗਰਿਕਾਂ ਨੂੰ ਰੁੱਖ ਲਗਾਉਣ, ਪੋਰਟਲ @ਤੇ ਇੱਕ ਫੋਟੋ/ਸੈਲਫੀ ਅਪਲੋਡ ਕਰਨ ਅਤੇ ਇਸਦੀ ਰੱਖਿਆ ਕਰਨ ਦਾ ਪ੍ਰਣ ਲੈਣ ਲਈ ਉਤਸ਼ਾਹਿਤ ਕੀਤਾ ਗਿਆ ਸੀ। ਇਸ ਮੁਹਿੰਮ ਰਾਹੀਂ, ਲਗਭਗ 10 ਮਿਲੀਅਨ ਰੁੱਖ ਲਗਾਏ ਗਏ ਸਨ, ਅਤੇ ਸਮਾਜ ਦੇ ਵੱਖ-ਵੱਖ ਵਰਗ ਇਸ ਹਰਿਆਲੀ ਯਾਤਰਾ ਵਿੱਚ ਸ਼ਾਮਲ ਹੋਏ। ਸਮੇਂ ਦੇ ਨਾਲ, ਇਹ ਪਹਿਲ ਮੱਧ ਪ੍ਰਦੇਸ਼ ਤੋਂ ਪਰੇ ਫੈਲ ਗਈ ਹੈ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪਹਿਲੂਆਂ 'ਤੇ ਪਹੁੰਚ ਗਈ ਹੈ; ਲੋਕਾਂ ਨੇ ਜਨਮਦਿਨ, ਵਿਆਹ ਦੀ ਵਰ੍ਹੇਗੰਢ ਅਤੇ ਹੋਰ ਵਿਸ਼ੇਸ਼ ਮੌਕਿਆਂ @ਤੇ ਰੁੱਖ ਲਗਾ ਕੇ ਇਸ ਯਾਤਰਾ ਨੂੰ ਆਪਣਾ ਨਿੱਜੀ ਜਸ਼ਨ ਬਣਾਇਆ ਹੈ।

ਉਘੇ ਲੇਖਕ ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ 'ਸੱਚ ਦਾ ਢੋਆ ਕਿਤਾਬ' ਗੁਰਦਿਆਲ ਸਿੰਘ ਨੂੰ ਕੀਤੀ ਭੇਟ

ਅੰਮ੍ਰਿਤਸਰ 19 ਫਰਵਰੀ, (ਗੁਰਦਿਆਲ ਸਿੰਘ) : ਉੱਘੇ ਲੇਖਕ ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ ਜਿਨਾਂ ਨੇ ਸੱਚੇ ਦਾ ਸੱਚਾ ਢੋਆ ਕਿਤਾਬ ਦਾ ਸੱਤਵਾਂ ਐਡੀਸ਼ਨ ਛੁਪਾਇਆ ਹੁਣ ਤੱਕ 8 ਕਿਤਾਬਾਂ ਸੰਗਤਾਂ ਨੂੰ ਵੰਡ ਚੁੱਕੇ ਹਨ। ਉਹਨਾਂ ਇਸ ਕਿਤਾਬ ਦਾ ਪਹਿਲਾ ਐਡੀਸ਼ਨ 2006 ਵਿੱਚ ਪਾਇਆ ਅਤੇ ਸੱਤਵਾਂ ਐਡੀਸ਼ਨ 2025 ਵਿੱਚ ਇਸ ਤੋਂ ਇਲਾਵਾ ਉਹਨਾਂ ਅੱਠ ਕਿਤਾਬਾਂ ਹੋਰ ਛੁਪਾ ਚੁੱਕੇ ਹਨ ਜਿਨਾਂ ਵਿੱਚ ਉਜਲ ਕੈਹਾ ਚਿਲਕਾਣਾ, ਯਾਦਾਂ ਭਰੀ ਚੰਗੇਰ, ਬਾਤਾਂ ਬੀਤੇ ਦੀਆਂ, ਜੋ ਦੇਖਿਆ ਸੋ ਆਖਿਆ, ਸਿਦਰੇ ਲੇਖ, ਸਾਦੇ ਸਿਧਰੇ ਲੇਖ, ਜਿੰਨੇ ਮੂੰਹ ਉਨੀਆਂ ਗੱਲਾਂ, ਕੁਝ ਇਧਰੋਂ ਕੁਝ ਉਧਰੋਂ, ਸ਼੍ਰੋਮਣੀ ਅਕਾਲੀ ਦਲ ਅਤੇ ਕੁਝ ਹੋਰ ਲੇਖ, ਲੇਖਕ ਗਿਆਨੀ ਸੰਤੋਖ ਸਿੰਘ ਆਸਟ੍ਰੇਲੀਆ ਵੱਲੋਂ ਸੱਚ ਦਾ ਢੋਆ ਕਿਤਾਬ ਦੀ ਕਾਪੀ ਗੁਰਦਿਆਲ ਸਿੰਘ ਸਟਾਫ ਰਿਪੋਰਟ ਚੜ੍ਹਦੀਕਲਾ ਅੰਮ੍ਰਿਤਸਰ ਨੂੰ ਭੇਟ ਕੀਤੀਆਂ।

ਚੰਡੀਗੜ੍ਹ ਯੂਨੀਵਰਸਿਟੀ ਦੇ 19 ਫੈਸਟ ਵਿੱਚ, ਗਲੋਬਲ ਟੈਕ ਲੀਡਰਾਂ ਦਾ ਕੀਤਾ ਉੱਦਮ

ਚੰਡੀਗੜ੍ਹ, 19 ਫਰਵਰੀ (ਚ.ਨ.ਸ.): ਚੰਡੀਗੜ੍ਹ ਯੂਨੀਵਰਸਿਟੀ ਨੇ ਇੰਡੀਆ ਏਆਈ ਇਮਪੈਕਟ ਸਮਿਟ 2026 ਦੇ ਅਨੁਸਾਰ ਭਾਰਤ ਦਾ ਪਹਿਲਾ ਤਿੰਨ-ਰੋਜ਼ਾ ਏਆਈ ਫੈਸਟ 2026 ਸ਼ੁਰੂ ਕੀਤਾ। ਇਹ ਏਆਈ ਫੈਸਟ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਨਵੀਨਤਾ, ਉੱਦਮਤਾ ਅਤੇ ਸਮਾਵੇਸ਼ੀ ਰਾਸ਼ਟਰੀ ਵਿਕਾਸ ਦੇ ਇੱਕ ਮੁੱਖ ਥੰਮ੍ਹ ਵਜੋਂ ਸਥਾਪਤ ਕਰਨ ਵੱਲ ਇੱਕ ਇਤਿਹਾਸਕ ਕਦਮ ਹੈ, ਜੋ ਇਸ ਖੇਤਰ ਵਿੱਚ ਭਾਰਤ ਦੀ ਸਥਿਤੀ ਨੂੰ ਮਜ਼ਬੂਤ ??ਕਰੇਗਾ। ਇਸ ਫੈਸਟ ਦਾ ਮੁੱਖ ਉਦੇਸ਼ ਨੌਜਵਾਨ ਨਵੀਨਤਾਕਾਰਾਂ ਅਤੇ ਏਆਈ ਸਟਾਰਟ-ਅੱਪ ਈਕੋਸਿਸਟਮ ਨੂੰ ਮਜ਼ਬੂਤ ??ਕਰਨਾ ਹੈ, ਅਤੇ ਦਲੇਰ ਅਤੇ ਸਕੇਲੇਬਲ ਵਿਚਾਰਾਂ ਨੂੰ ਤਕਨਾਲੋਜੀ-ਅਧਾਰਤ ਹੱਲਾਂ ਵਿੱਚ ਬਦਲ ਕੇ ਇੱਕ ਵਿਕਸਤ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨਾ ਹੈ। ਇਸ ਪ੍ਰਮੁੱਖ ਪਹਿਲਕਦਮੀ ਨੇ ਵਿਸ਼ਵ ਉੱਦਮੀਆਂ, ਨੀਤੀ ਨਿਰਮਾਤਾਵਾਂ,



ਏਆਈ ਨੇਤਾਵਾਂ, ਕਾਰਪੋਰੇਟਾਂ, ਅਕਾਦਮੀਆਂ, ਖੋਜਕਰਤਾਵਾਂ, ਸਟਾਰਟਅੱਪਾਂ ਅਤੇ ਵਿਦਿਆਰਥੀ ਨਵੀਨਤਾਕਾਰਾਂ ਨੂੰ ਤਕਨਾਲੋਜੀ, ਪ੍ਰਤਿਭਾ ਅਤੇ ਪਰਿਵਰਤਨਸ਼ੀਲ ਵਿਚਾਰਾਂ ਦੇ ਇੱਕ ਸ਼ਕਤੀਸ਼ਾਲੀ ਸੰਗਮ ਵਿੱਚ ਇਕੱਠਾ ਕੀਤਾ। ਚਰਚਾਵਾਂ ਵਿੱਚ ਚਾਰ ਵਿਆਪਕ ਥੀਮ ਸ਼ਾਮਲ ਸਨ: ਵਿਕਸਤ ਮਨੁੱਖਾਂ ਨਾਲ ਏਆਈ ਦਾ ਵਿਕਾਸ, ਏਆਈ ਇੰਜੀਨੀਅਰਡ ਰਿਐਲਿਟੀ, ਏਆਈ ਨੀਤੀ ਸ਼ਾਸਨ ਅਤੇ ਢਾਂਚਾ, ਅਤੇ ਤਕਨੀਕੀ ਸਰਹੱਦਾਂ, ਏਆਈ-ਅਧਾਰਤ ਨਵੀਨਤਾ ਅਤੇ ਸਮਾਵੇਸ਼ੀ ਆਰਥਿਕ ਵਿਕਾਸ ਦੀ ਪੜਚੋਲ ਕਰਨ ਲਈ ਇੱਕ ਗਤੀਸ਼ੀਲ ਪਲੇਟਫਾਰਮ ਪ੍ਰਦਾਨ ਕਰਨਾ। ਇਹ ਫੈਸਟ ਵੈੱਬਵੇਡਾ, ਇੰਡੀਆਜੀਨੀਅਸ ਚੈਲੇਂਜ ਦੇ ਸੰਸਥਾਪਕ ਅੰਕੁਰ ਵਾਰਿਕੂ, ਅਪਗ੍ਰੇਡ ਚੇਅਰਪਰਸਨ ਅਤੇ ਸਿੱਖਿਆ-ਤਕਨੀਕੀ ਪਾਇਨੀਅਰ ਰੌਨੀ ਸਕ੍ਰੂਵਾਲਾ, ਐਮਪੀ ਅਤੇ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਅਤੇ ਪ੍ਰਸਿੱਧ ਗਲੋਬਲ ਏਆਈ ਨੇਤਾਵਾਂ ਅਤੇ ਉਦਯੋਗ ਮਾਹਰਾਂ ਦੀ ਮੌਜੂਦਗੀ ਵਿੱਚ ਸ਼ੁਰੂ ਹੋਇਆ। ਇੰਡੀਆ ਏਆਈ ਮਿਸ਼ਨ ਦੇ ਸਹਿਯੋਗ ਨਾਲ, ਚੰਡੀਗੜ੍ਹ ਯੂਨੀਵਰਸਿਟੀ ਸੀਯੂ ਏਆਈ ਮਿਸ਼ਨ ਸ਼ੁਰੂ ਕਰਨ ਵਾਲੀ ਦੇਸ਼ ਦੀ ਪਹਿਲੀ ਯੂਨੀਵਰਸਿਟੀ ਬਣ ਗਈ। ਇਹ ਇੱਕ ਵਿਆਪਕ ਸੰਸਥਾਗਤ ਰੋਡਮੈਪ ਹੈ ਜੋ ਆਰਟੀਫੀਸ਼ੀਅਲ ਇੰਟੈਲੀਜੈਂਸ ਵਿੱਚ ਖੋਜ ਅਤੇ ਵਿਕਾਸ ਨੂੰ ਅੱਗੇ ਵਧਾਉਣ, ਏਆਈ-ਅਧਾਰਤ ਉੱਦਮਤਾ ਨੂੰ ਉਤਸ਼ਾਹਿਤ ਕਰਨ ਅਤੇ ਸਾਰੇ ਅਕਾਦਮਿਕ ਵਿਸ਼ਿਆਂ ਵਿੱਚ ਏਆਈ ਸਾਖਰਤਾ ਪ੍ਰਦਾਨ ਕਰਨ @ਤੇ ਕੇਂਦ੍ਰਤ ਕਰਦਾ ਹੈ।

ਬੱਚਿਆਂ ਨੂੰ ਇੰਸਟਾਗ੍ਰਾਮ ਦੀ ਲਤ ਲੱਗਣ 'ਤੇ ਅਦਾਲਤ ਨੇ ਜ਼ੁਕਰਬਰਗ ਨੂੰ ਪਾਈ ਝਾੜ

ਵਾਸ਼ਿੰਗਟਨ , 19 ਫਰਵਰੀ (ਚ.ਨ.ਸ.) : ਅਮਰੀਕਾ ਦੀ ਇੱਕ ਅਦਾਲਤ ਵਿੱਚ ਮੈਟਾ ਦੇ ਮਾਲਕ ਮਾਰਕ ਜ਼ੁਕਰਬਰਗ ਨੂੰ ਉਸ ਸਮੇਂ ਸਖ਼ਤ ਸਵਾਲਾਂ ਦਾ ਸਾਹਮਣਾ ਕਰਨਾ ਪਿਆ, ਜਦੋਂ ਇੰਸਟਾਗ੍ਰਾਮ ਅਤੇ ਫੇਸਬੁੱਕ ਦੀ ਬੱਚਿਆਂ ਨੂੰ ਲੱਗੀ ਲਤ ਬਾਰੇ ਸੁਣਵਾਈ ਹੋ ਰਹੀ ਸੀ।ਕੀ 9 ਸਾਲ ਦਾ ਬੱਚਾ ਤੁਹਾਡੀਆਂ ਸ਼ਰਤਾਂ ਪੜ੍ਹੇਗਾ ? ਬੱਚਿਆਂ ਨੂੰ ਇੰਸਟਾਗ੍ਰਾਮ ਦੀ ਲਤ ਲੱਗਣ @ਤੇ ਅਮਰੀਕੀ ਅਦਾਲਤ ਨੇ ਜ਼ੁਕਰਬਰਗ ਨੂੰ ਪਾਈ ਝਾੜਅਦਾਲਤ ਦੇ ਸਵਾਲ: ਕੋਰਟ ਨੇ ਪੁੱਛਿਆ ਕਿ ਮੈਟਾ ਦੇ ਪਲੇਟਫਾਰਮ ਜਾਣਬੁੱਝ ਕੇ ਬੱਚਿਆਂ ਨੂੰ ਨਸ਼ੇ ਵਾਂਗ ਇਸ ਦੀ ਲਤ ਲਗਾਉਂਦੇ ਹਨ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ? ਸੁਣਵਾਈ ਦੌਰਾਨ ਜ਼ੁਕਰਬਰਗ ਕਾਫੀ ਬੇਚੈਨ ਨਜ਼ਰ ਆਏ।ਜ਼ੁਕਰਬਰਗ ਦਾ ਦਾਅਵਾ: ਉਨ੍ਹਾਂ ਕਿਹਾ ਕਿ ਕੰਪਨੀ ਨੇ ਘੱਟ ਉਮਰ ਦੇ ਯੂਜ਼ਰਸ ਦੀ ਪਛਾਣ ਕਰਨ ਵਿੱਚ ਸੁਧਾਰ ਕੀਤਾ ਹੈ ਪਰ ਕਈ ਬੱਚੇ ਅਕਾਊਂਟ ਖੋਲ੍ਹਣ ਵੇਲੇ ਆਪਣੀ ਉਮਰ ਬਾਰੇ ਝੂਠ ਬੋਲਦੇ ਹਨ।ਵਕੀਲਾਂ ਦਾ ਪਲਟਵਾਰ: ਜਦੋਂ ਜ਼ੁਕਰਬਰਗ ਨੇ ਆਪਣੀਆਂ ਸ਼ਰਤਾਂ () ਦੀ ਗੱਲ ਕੀ

ਬੁਨਿਆਦੀ ਸਹੂਲਤਾਂ ਲੋਕਾਂ ਦਾ ਹੱਕ, ਸਰਕਾਰ ਦਾ ਅਹਿਸਾਨ ਨਹੀਂ : ਵਿਧਾਇਕ ਬੱਗਾ

ਲੁਧਿਆਣਾ, 19 ਫਰਵਰੀ (ਵਿਸ਼ਾਲ ਸ਼ਰਮਾ):ਬੁਨਿਆਦੀ ਸਹੂਲਤਾਂ ਹਲਕਾ ਉੱਤਰੀ ਦੇ ਵਸਨੀਕਾਂ ਦਾ ਸੰਵਿਧਾਨਕ ਹੱਕ ਹੈ, ਵਿਕਾਸ ਪ੍ਰੋਜੈਕਟਾਂ ਨੂੰ ਤੈਅ ਸਮੇਂ ਵਿੱਚ ਮੁਕੰਮਲ ਕਰਵਾ ਕੇ ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਵਿੱਚ ਸਰਕਾਰ ਦਾ ਕੋਈ ਅਹਿਸਾਨ ਨਹੀਂ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ, ਚੌਧਰੀ ਮਦਨ ਲਾਲ ਬੱਗਾ ਨੇ 'ਵਿਧਾਇਕ ਆਪ ਦੇ ਦੁਆਰ' ਅਭਿਆਨ ਤਹਿਤ ਵਾਰਡ ਨੰਬਰ 93 'ਚ ਬੀਤੇ ਕੱਲ੍ਹ ਸਥਾਨਕ ਵਸਨੀਕਾਂ ਦੇ ਰੂ-ਬ-ਰੂ ਹੁੰਦਿਆਂ ਕੀਤਾ। ਲੋਕ ਮਿਲਣੀ ਦੌਰਾਨ ਸਥਾਨਕ ਲੋਕਾਂ ਵੱਲੋਂ ਦੱਸੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਦੇ ਕੇ ਨਿਪਟਾਰਾ ਕਰਵਾਇਆ ਗਿਆ। ਇਸ ਦੌਰਾਨ ਵਿਧਾਇਕ ਬੱਗਾ ਨੇ ਸੜਕ ਦਾ ਉਦਘਾਟਨ ਕਰਕੇ ਤੁਰੰਤ ਉਸਾਰੀ ਦਾ ਕੰਮ ਵੀ ਸ਼ੁਰੂ ਕਰਵਾਇਆ।

ਵਿਧਾਇਕ ਬੱਗਾ ਨੇ ਵਿਧਾਨ ਸਭਾ ਹਲਕਾ ਉੱਤਰੀ 'ਚ ਪਿਛਲੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਕੀਤੇ ਵਿਕਾਸ ਕਾਰਜਾਂ 'ਤੇ ਚਰਚਾ ਕਰਦਿਆਂ ਕਿਹਾ ਕਿ ਵਿਕਾਸ ਪੱਖੋਂ ਪੱਛੜਿਆ ਹਲਕਾ ਮੁੜ ਪਟੜੀ 'ਤੇ ਪਰਤ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਲਾਕੇ ਦੇ ਸਾਰੇ ਵਾਰਡਾਂ ਅਤੇ ਮੁੱਖ ਸੜਕਾਂ ਦੀ ਉਸਾਰੀ ਦਾ ਕੰਮ ਜਾਰੀ ਹੈ ਅਤੇ ਸੀਵਰੇਜ ਤੇ ਬਿਜਲੀ ਸਪਲਾਈ ਦੇ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਜਿੱਥੇ ਵੱਖ-ਵੱਖ ਵਾਰਡਾਂ ਵਿੱਚ ਲਟਕਦੀਆਂ ਤਾਰਾਂ ਦੇ ਜਾਲ ਉਤਾਰੇ ਜਾ ਰਹੇ ਹਨ ਉੱਥੇ ਪਾਰਕਾਂ ਦਾ ਕਾਇਆਕਲਪ ਵੀ ਕੀਤਾ ਜਾ ਰਿਹਾ ਹੈ, ਮੰਗ ਅਨੁਸਾਰ ਸਟਰੀਟ ਲਾਈਟਾਂ ਦੇ ਢੁਕਵੇਂ ਪ੍ਰਬੰਧ ਕੀਤੇ ਜਾ ਰਹੇ ਹਨ।

ਵਿਧਾਇਕ ਮਦਨ ਲਾਲ ਬੱਗਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬੁਨਿਆਦੀ ਸਹੂਲਤਾਂ, ਮਿਆਰੀ ਸਿੱਖਿਆ ਤੇ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ 'ਤੇ ਜ਼ੋਰ ਦੇ ਰਹੀ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵਾਰਡ ਇੰਚਾਰਜ ਦਸਮੇਸ਼ ਸਿੰਘ, ਮਹਿਲਾ ਆਗੂ ਰੀਤੂ ਮਲਹੋਤਰਾ, ਨੌਜਵਾਨ ਆਗੂ ਧਰੂਵ, ਐਕਸੀਅਨ ਸੰਜੀਵ ਸ਼ਰਮਾ, ਐਸ.ਡੀ.ਓ ਗੁਰਪ੍ਰੀਤ ਸਿੰਘ, ਪੁਲਿਸ ਚੌਕੀ ਇੰਚਾਰਜ ਸੁਖਮਿੰਦਰ ਸਿੰਘ ਅਤੇ ਇਲਾਕਾ ਨਿਵਾਸੀ ਵੀ ਮੌਜੂਦ ਸਨ।

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ : ਹਲਕਾ ਪਾਇਲ ਤੋਂ ਸੰਗਤਾਂ ਦਾ ਇੱਕ ਹੋਰ ਜੱਥਾ ਰਵਾਨਾ

ਪਾਇਲ/ਲੁਧਿਆਣਾ, 19 ਫਰਵਰੀ (ਸੰਜੀਵ ਲਹਿਲ) : ਵਿਧਾਨ ਸਭਾ ਹਲਕਾ ਪਾਇਲ ਅਧੀਨ ਦੋਰਾਹਾ ਤੋਂ ਸ਼ਰਧਾਲੂਆਂ ਦਾ ਇੱਕ ਹੋਰ ਜੱਥਾ, ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦੀ ਅਗਵਾਈ ਵਿੱਚ ਵੱਖ-ਵੱਖ ਧਾਰਮਿਕ ਸਥਾਨਾਂ ਵਿਖੇ ਨਤਮਸਤਕ ਹੋਣ ਲਈ ਰਵਾਨਾ ਹੋਇਆ।

ਵਿਧਾਇਕ ਗਿਆਸਪੁਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਤਹਿਤ ਸ਼ਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ, ਜਿਸਦੇ ਤਹਿਤ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਰਜਿਸਟਰੇਸ਼ਨ ਕਰਵਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਬਹੁਗਿਣਤੀ ਲੋਕ ਬੱਸਾਂ ਰਾਹੀਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਬਿਲਕੁਲ ਮੁਫਤ ਦਰਸ਼ਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਸ਼ੇਸ਼ ਬੱਸਾਂ ਵਿੱਚ ਸ਼ਰਧਾਲੂਆਂ ਲਈ ਵਿਆਪਕ ਪ੍ਰਬੰਧ ਕੀਤੇ ਗਏ ਹਨ, ਜਿਸ ਵਿੱਚ ਮੁਫਤ ਖਾਣਾ, ਰਹਿਣ-ਸਹਿਣ ਤੇ ਸਿਹਤ ਸਹੂਲਤਾਂ ਸ਼ਾਮਲ ਹਨ।

ਵਿਧਾਇਕ ਗਿਆਸਪੁਰਾ ਨੇ ਦੁਹਰਾਇਆ ਕਿ ਰਜਿਸਟ੍ਰੇਸ਼ਨ ਸਬੰਧੀ ਫਾਰਮ ਬੂਥ ਪੱਧਰ 'ਤੇ ਭਰਵਾਏ ਜਾ ਰਹੇ ਹਨ। ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦੀ ਚੋਣ ਡਰਾਅ ਰਾਹੀਂ ਪੂਰਨ ਪਾਰਦਰਸ਼ੀ ਢੰਗ ਨਾਲ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਯਾਤਰਾ ਦੌਰਾਨ ਸੰਗਤ ਨਾਲ ਇਕ ਮੈਡੀਕਲ ਟੀਮ ਵੀ ਜਾਵੇਗੀ, ਤਾਂ ਕਿ ਕਿਸੇ ਵੀ ਹੰਗਾਮੀ ਸਥਿਤੀ ਵਿੱਚ ਤੁਰੰਤ ਸਹਾਇਤਾ ਦਿੱਤੀ ਜਾ ਸਕੇ। ਯਾਤਰਾ ਲਈ 50 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਸ਼ਰਧਾਲੂ ਯੋਗ ਹੋਣਗੇ ਅਤੇ ਰਜਿਸਟ੍ਰੇਸ਼ਨ ਲਈ ਵੋਟਰ ਕਾਰਡ ਲਾਜ਼ਮੀ ਹੈ।

ਉਨ੍ਹਾਂ ਹਲਕਾ ਪਾਇਲ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਮੁੱਖ ਮੰਤਰੀ ਤੀਰਥ ਯਾਤਰਾ ਲਈ ਆਪਣੀ ਰਜਿਸਟਰੇਸ਼ਨ ਕਰਵਾ ਕੇ ਯੋਜਨਾ ਦਾ ਵੱਧ ਤੋਂ ਵੱਧ ਲਾਭ ਲੈਣ।

ਈ.ਡੀ. ਦੀ ਸ਼ਿਕਾਇਤ ਨੂੰ ਵਾਪਿਸ ਕਰਵਾਉਣ ਲਈ ਹੀ ਮੇਰੇ ਖ਼ਿਲਾਫ਼ ਝੂਠਾ ਪੁਲਿਸ ਕੇਸ ਦਰਜ ਕਰਵਾਇਆ : ਦੁੱਗਲ

ਲੁਧਿਆਣਾ, 19 ਫਰਵਰੀ (ਰਵਿੰਦਰ ਸਿੰਘ ਨਿੱਝਰ) : ਆਮ ਆਦਮੀ ਪਾਰਟੀ ਦੀ ਇੱਕ ਵਿਧਾਇਕਾ ਦੇ ਖ਼ਿਲਾਫ਼ ਬੋਲਣ, ਕਥਿਤ ਭ੍ਰਿਸ਼ਟਾਚਾਰ ਉੱਪਰ ਸਵਾਲ ਚੁੱਕਣ ਅਤੇ ਵਿਧਾਇਕਾ ਉੱਪਰ ਗੰਭੀਰ ਦੋਸ਼ ਲਗਾਉਣ ਦੇ ਚੱਲਦਿਆਂ ਪੁਲਿਸ ਕੇਸ ਦਾ ਸਾਹਮਣਾ ਕਰਨ ਵਾਲੇ ਪੱਤਰਕਾਰ ਮਨਦੀਪ ਸਿੰਘ ਦੁੱਗਲ ਨੇ ਆਪਣਾ ਪੱਖ ਰੱਖਦਿਆਂ ਵਿਧਾਇਕਾ ਖ਼ਿਲਾਫ਼ ਕਥਿਤ ਭ੍ਰਿਸ਼ਟਾਚਾਰ ਦੇ ਦੋਸ਼ ਲਗਾਉਂਦੇ ਹੋਏ ਸਨਸਨੀਖੇਜ਼ ਖੁਲਾਸੇ ਕੀਤੇ ਹਨ।ਪੱਤਰਕਾਰ ਦੁੱਗਲ ਨੇ ਦੱਸਿਆ ਕਿ ਉਸ ਨੇ ਵਿਧਾਇਕਾ ਵੱਲੋਂ ਕੀਤੇ ਕਥਿਤ ਭ੍ਰਿਸ਼ਟਾਚਾਰ ਨੂੰ ਲੈ ਕੇ ਸਾਲ 2022 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਇਕ ਸ਼ਿਕਾਇਤ ਕੀਤੀ ਸੀ। ਇਸ ਸ਼ਿਕਾਇਤ ਨੂੰ ਵਾਪਿਸ ਕਰਵਾਉਣ ਲਈ ਹੀ ਉਸ ਖਿਲਾਫ ਝੂਠਾ ਪੁਲਿਸ ਕੇਸ ਦਰਜ ਕਰਵਾਇਆ ਗਿਆ ਹੈ।ਦੁੱਗਲ ਨੇ ਕਿਹਾ ਕਿ ਵਿਧਾਇਕਾ ਦੀ ਯੋਜਨਾ ਉਸਨੂੰ ਗ੍ਰਿਫ਼ਤਾਰ ਕਰਵਾ ਕੇ, ਤਸ਼ੱਦਦ ਕਰਵਾ ਕੇ ਜ਼ਬਰਦਸਤੀ ਹਲਫਨਾਮਾ ਲੈ ਕੇ ਈ.ਡੀ. ਨੂੰ ਦਿੱਤੀ ਸ਼ਿਕਾਇਤ ਵਾਪਿਸ ਕਰਵਾਉਣ ਦੀ ਲੱਗਦੀ ਹੈ, ਪਰ ਉਹ ਕਿਸੇ ਵੀ ਕੀਮਤ 'ਤੇ ਝੁਕੇਗਾ ਜਾਂ ਜਾਂ ਡਰੇਗਾ ਨਹੀਂ, ਕਿਉਂਕਿ ਆਪ ਦੀ ਸਰਕਾਰ ਬਣਨ ਦੇ ਬਾਅਦ ਵਿਧਾਇਕਾ ਵੱਲੋਂ ਕਥਿਤ ਤੌਰ 'ਤੇ ਬਹੁਤ ਸਾਰੀਆਂ ਬੇਨਾਮੀ ਜਾਇਦਾਦਾਂ ਤਾਂ ਖਰੀਦੀਆਂ ਹੀ ਗਈਆਂ ਹਨ। 2000 ਵਰਗ ਗਜ਼ ਅਤੇ 400 ਵਰਗ ਗਜ਼ ਦੇ ਕਰੋੜਾਂ ਰੁਪਏ ਦੇ ਕਥਿਤ ਪਲਾਟ ਹਨ। ਇੱਕ ਪਿੰਡ ਨੇੜੇ ਕਥਿਤ ਤੌਰ 'ਤੇ ਕੋਠੀਆਂ ਬਣਾ ਕੇ ਵੇਚੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਵਿਧਾਇਕਾ ਦੇ ਆਪਣੇ ਹਲਕੇ 'ਚ ਸਭ ਤੋਂ ਵੱਧ ਭ੍ਰਿਸ਼ਟਾਚਾਰ ਹੈ ਅਤੇ ਵਿਧਾਇਕਾ ਰਜਿਸਟਰੀਆਂ, ਸਮਬਰਸੀਬਲ ਬੋਰਾਂ, ਹਲਕੇ ਅੰਦਰ ਉਸਾਰੀਆਂ ਜਾਣ ਵਾਲੀਆਂ ਵਪਾਰਕ ਅਤੇ ਰਿਹਾਇਸ਼ੀ ਇਮਾਰਤਾਂ 'ਚ ਮਾਲਕਾਂ ਤੋਂ ਕਥੇ ਤੌਰ 'ਤੇ ਹਿੱਸਾਪਤੀ ਲੈਂਦੀ ਹੈ, ਜਿਸਨੂੰ ਲੈ ਕੇ ਆਉਣ ਵਾਲੇ ਦਿਨਾਂ 'ਚ ਉਹ ਮੀਡੀਆ ਸਾਹਮਣੇ ਆ ਕੇ ਸਾਰੀਆਂ ਚੀਜ਼ਾਂ ਸਬੂਤਾਂ ਸਮੇਤ ਪੇਸ਼ ਕਰੇਗਾ। ਮਨਦੀਪ ਦੁੱਗਲ ਨੇ ਦੋਸ਼ ਲਗਾਇਆ ਕਿ ਵਿਧਾਇਕਾ ਨੇ ਲੱਖਾਂ ਦੀ ਤਨਖਾਹ 'ਚ ਚਾਰ ਸਾਲਾਂ ਦੌਰਾਨ ਕਥਿਤ ਤੌਰ 'ਤੇ ਕਰੋੜਾਂ ਰੁਪਏ ਦੀਆਂ ਗੱਡੀਆਂ ਅਤੇ ਜਾਇਦਾਦਾਂ ਬਣਾਈਆਂ ਹਨ। ਚਰਚਾ ਹੈ ਕਿ ਵਿਧਾਇਕਾ ਦੀ 500 ਵਰਗ ਗਜ਼ 'ਚ ਬਣੀ ਹੋਈ ਕੋਠੀ ਦਾ ਬਿਜਲੀ ਦਾ ਬਿੱਲ ਵੀ 300-400 ਯੂਨਿਟ ਤੱਕ ਹੀ ਆਉਂਦਾ ਹੈ ਅਤੇ ਮੀਟਰ ਐਨ-ਕੋਡ ਵਾਲਾ ਹੈ, ਜਿਸਦੀ ਰੀਡਿੰਗ ਤੱਕ ਨਹੀਂ ਲਈ ਜਾਂਦੀ ਬਿੱਲ ਵੀ ਜ਼ੀਰੋ ਆਉਂਦਾ ਹੈ ਅਤੇ ਮੁੱਖ ਦਫਤਰ ਦਾ ਲੱਖਾਂ ਰੁਪਏ ਦਾ ਬਿਜਲੀ ਬਿੱਲ ਬਕਾਇਆ ਵੀ ਕਿਹਾ ਜਾ ਰਿਹਾ ਹੈ।ਦੁੱਗਲ ਨੇ ਦੱਸਿਆ ਕਿ ਮੇਰੀ ਜਾਨ ਨੂੰ ਵੀ ਖ਼ਤਰਾ ਹੈ ਵਿਧਾਇਕਾ ਬੀਬੀ ਕੁਝ ਵੀ ਕਰਵਾ ਸਕਦੀ ਹੈ ਅਗਰ ਮੈਨੂੰ ਕੁਝ ਵੀ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰ ਇਹ ਵਿਧਾਇਕਾ ਬੀਬੀ ਹੋਵੇਗੀ।

ਵਿਧਾਇਕ ਸਿੱਧੂ ਦੇ ਯਤਨਾਂ ਨੂੰ ਪਿਆ ਬੂਰ : ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਨਾਂ 'ਤੇ ਪਾਸ ਕਰਵਾਇਆ ਮਾਰਗ ਦਾ ਨਾਮ

ਲੁਧਿਆਣਾ, 19 ਫਰਵਰੀ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਦੇ ਯਤਨਾਂ ਨੂੰ ਬੂਰ ਪਿਆ ਹੈ, ਜਿਸਦੇ ਤਹਿਤ ਸਥਾਨਕ ਮਾਡਲ ਟਾਊਨ ਵਿਖੇ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਸਾਹਮਣੇ ਵਾਲੇ ਮਾਰਗ ਦਾ ਨਾਂ ਬਾਬਾ ਦੀਪ ਸਿੰਘ ਜੀ ਦੇ ਨਾਮ 'ਤੇ ਰੱਖਿਆ ਹੈ। ਇਹ ਮਾਰਗ ਚਤੁਰ ਸਿੰਘ ਪਾਰਕ ਤੋਂ ਨਹਿਰ ਤੱਕ ਹੈ। ਇਸ ਮੌਕੇ ਵਿਧਾਇਕ ਸਿੱਧੂ ਦੇ ਨਾਲ ਨਗਰ ਨਿਗਮ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਅਤੇ ਵਾਰਡ ਨੰਬਰ 51 ਦੀ ਕੌਂਸਲਰ ਬੀਬੀ ਕੌਮਲਪ੍ਰੀਤ ਕੌਰ ਸਚਦੇਵਾ ਵੀ ਮੌਜੂਦ ਸਨ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਘਰ ਦੀ ਸੰਗਤ ਦੀ ਲੰਮੇ ਸਮੇਂ ਤੋਂ ਇਹ ਰੀਝ ਸੀ ਕਿ ਇਸ ਮਾਰਗ ਦਾ ਨਾਂ ਬਾਬਾ ਦੀਪ ਸਿੰਘ ਜੀ ਦੇ ਨਾਮ 'ਤੇ ਰੱਖਿਆ ਜਾਵੇ, ਜਿਸ ਨੂੰ ਮਨਜ਼ੂਰ ਕਰਵਾ ਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਬਹੁਤ ਹੀ ਸ਼ਲਾਘਾਯੋਗ ਤੇ ਨੇਕ ਕਾਰਜ ਕੀਤਾ ਹੈ। ਗੁਰਦੁਆਰਾ ਕਮੇਟੀ ਵੱਲੋਂ ਵਿਧਾਇਕ ਸਿੱਧੂ, ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਅਤੇ ਇਲਾਕਾ ਕੌਂਸਲਰ ਦਾ ਸਿਰੋਪਾਓ ਨਾਲ ਸਨਮਾਨ ਕੀਤਾ।ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਬੜੇ ਭਾਵਨਾਤਮਕ ਬੋਲਾਂ ਨਾਲ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਦਾ ਇਸ ਸਨਮਾਨ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੇਰੀ ਐਨੀ ਹੈਸੀਅਤ ਨਹੀਂ ਕਿ ਮੈਂ ਦੁਨੀਆਂ ਦੇ ਮਹਾਨ ਸ਼ਹੀਦ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਨਾਮ 'ਤੇ ਕਿਸੇ ਮਾਰਗ ਦਾ ਉਦਘਾਟਨ ਕਰਾਂ, ਇਹ ਤਾਂ ਮੇਰੇ ਬਾਪੂ ਬਾਬਾ ਦੀਪ ਸਿੰਘ ਜੀ ਦੀ ਕਿਰਪਾ ਦ੍ਰਿਸ਼ਟੀ ਹੀ ਹੈ ਜੋ ਉਹਨਾਂ ਨੇ ਮੈਨੂੰ ਇਸ ਕਾਬਲ ਕੀਤਾ ਕਿ ਮੈਂ ਇਸ ਮਾਰਗ ਦਾ ਨਾਂ ਬਾਬਾ ਜੀ ਦੇ ਨਾਮ 'ਤੇ ਪਾਸ ਕਰਾਉਣ ਦੇ ਯੋਗ ਬਣਿਆ।

10 ਕਰੋੜ ਰੁਪਏ ਦੀ ਲਾਗਤ ਨਾਲ ਬਦਲੇਗੀ ਹਲਕਾ ਦੱਖਣੀ ਦੀ ਨੁਹਾਰ : ਛੀਨਾ

ਲੁਧਿਆਣਾ, 19 ਫਰਵਰੀ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਦੀ ਕਾਇਆਕਲਪ ਤਹਿਤ ਕਰੀਬ 10 ਕਰੋੜ ਰੁਪਏ ਖਰਚ ਕੀਤੇ ਜਾਣਗੇ, ਜਿਸ ਨਾਲ ਹਲਕੇ ਦੀ ਨੁਹਾਰ ਬਦਲੀ ਜਾਵੇਗੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਵਾਰਡ ਨੰਬਰ 32 ਵਿਖੇ ਸੜਕ ਨਿਰਮਾਣ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ। ਵਿਧਾਇਕ ਛੀਨਾ ਨੇ ਕਿਹਾ ਕਿ ਕੈਂਪਾ ਕੋਲਾ ਰੋਡ, ਪਿੰਡ ਢੰਡਾਰੀ ਕਲਾਂ ਤੋਂ ਹਰ ਵੱਖ-ਵੱਖ ਸੜਕਾਂ ਦਾ ਨਿਰਮਾਣ ਅਰਸੇ ਤੋਂ ਲੰਬਿਤ ਪਿਆ ਸੀ, ਜਿਸਦੀ ਹੁਣ ਸ਼ੁਰੂਆਤ ਕਰਵਾਈ ਗਈ ਹੈ। ਸਥਾਨਕ ਲੋਕਾਂ ਨੇ ਦੱਸਿਆ ਕਿ ਸੜਕ ਨਾ ਬਣਨ ਕਰਕੇ ਉਨ੍ਹਾਂ ਨੂੰ ਆਵਾਜਾਈ ਵਿੱਚ ਕਾਫ਼ੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਬਰਸਾਤ ਦੇ ਦਿਨਾਂ ਵਿੱਚ ਹਾਲਤ ਹੋਰ ਵੀ ਨਾਜੁਕ ਹੋ ਜਾਂਦੇ ਹਨ, ਹੁਣ ਸੜਕ ਨਿਰਮਾਣ ਦਾ ਕੰਮ ਸ਼ੁਰੂ ਹੋਣ ਨਾਲ ਇਲਾਕਾ ਨਿਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ। ਵਿਧਾਇਕ ਛੀਨਾ ਨੇ ਕਿਹਾ ਕਿ ਇਲਾਕੇ ਵਿੱਚ ਵਿਕਾਸ ਕਾਰਜ ਪਹਿਲ ਦੇ ਆਧਾਰ 'ਤੇ ਜਾਰੀ ਰਹਿਣਗੇ ਅਤੇ ਲੋਕਾਂ ਦੀ ਹਰ ਸਮੱਸਿਆ ਦਾ ਹੱਲ ਕੀਤਾ ਜਾਵੇਗਾ। ਇਸ ਮੌਕੇ ਪਾਰਟੀ ਮੈਂਬਰ ਸੁਖਦੇਵ ਸਿੰਘ ਗਰਚਾ, ਬਲਬੀਰ ਸਿੰਘ ਭੋਲਾ, ਕਿਸ਼ਨ ਕੁਮਾਰ, ਹਰਪ੍ਰੀਤ, ਗੁਰਪ੍ਰੀਤ ਚਾਹਲ, ਪ੍ਰੇਮ ਗਰਚਾ, ਸੰਤੋਸ਼ ਸਿੰਘ, ਨਿਰਮਲ ਸਿੰਘ ਸੇਠੀ, ਗੁਰਦੁਆਰਾ ਕਮੇਟੀ ਪ੍ਰਧਾਨ ਸੁਖਦੇਵ ਸਿੰਘ, ਕੁਲਵੰਤ ਸਿੰਘ ਗਰੇਵਾਲ, ਗੋਲਡੀ ਗਰਚਾ ਅਤੇ ਪਵਾਰਜੀਤ ਸਿੰਘ ਸਮੇਤ ਹੋਰ ਸਖ਼ਸ਼ੀਅਤਾਂ ਵੀ ਮੌਜੂਦ ਸਨ।

ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਲੋਕ ਅਦਾਲਤ ਲਗਾਈ

ਲੁਧਿਆਣਾ, 19 ਫਰਵਰੀ (ਵਿਸ਼ਾਲ ਸ਼ਰਮਾ): ਪੰਜਾਬ ਰਾਜ ਮਹਿਲਾ ਕਮਿਸ਼ਨ ਵੱਲੋਂ ਅੱਜ ਸਥਾਨਕ ਦਫ਼ਤਰ ਪੁਲਿਸ ਕਮਿਸ਼ਨਰ ਦੇ ਕਾਨਫਰੰਸ ਹਾਲ ਵਿਖੇ ਵਿਸ਼ੇਸ਼ ਲੋਕ ਅਦਾਲਤ ਦਾ ਸਫਲ ਆਯੋਜਨ ਕੀਤਾ ਗਿਆ, ਜਿੱਥੇ ਬਹੁਗਿਣਤੀ ਲੋਕਾਂ ਨੇ ਆਪਸੀ ਸਹਿਮਤੀ ਨਾਲ ਆਪਣੇ ਕੇਸਾਂ ਦਾ ਨਿਪਟਾਰਾ ਕਰਵਾਇਆ।ਲੋਕ ਅਦਾਲਤ ਮੌਕੇ ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਦੇ ਨਾਲ ਮੈਂਬਰ ਅਜਿੰਦਰਪਾਲ ਕੌਰ, ਸਹਾਇਕ ਕਮਿਸ਼ਨਰ (ਜਨਰਲ) ਪਾਇਲ ਗੋਇਲ, ਡਿਪਟੀ ਡਾਇਰੈਕਟਰ ਗੁਲਬਹਾਰ ਸਿੰਘ ਤੋਂ ਇਲਾਵਾ ਪੁਲਿਸ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਚੇਅਰਪਰਸਨ ਰਾਜ ਲਾਲੀ ਗਿੱਲ ਨੇ ਦੱਸਿਆ ਕਿ ਕਮਿਸ਼ਨ ਔਰਤਾਂ ਦੇ ਅਧਿਕਾਰਾਂ ਦੀ ਰਾਖੀ ਅਤੇ ਨਿਆਂ ਯਕੀਨੀ ਬਣਾਉਣ 'ਤੇ ਕੇਂਦਰਿਤ ਹੈ ਜਿਸਦੇ ਤਹਿਤ ਵਿਸ਼ੇਸ਼ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅੱਜ ਕਰੀਬ 77 ਕੇਸ ਰੱਖੇ ਗਏ। ਜਿਨ੍ਹਾਂ ਵਿੱਚੋਂ 47 ਕੇਸ਼ਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਉਨ੍ਹਾਂ ਪੱਤਰਕਾਰਾਂ ਦੇ ਸੁਆਲਾਂ ਦਾ ਜੁਆਬ ਦਿੰਦਿਆਂ ਕਿਹਾ ਕਿ ਜ਼ਿਆਦਾਤਰ ਮਾਮਲੇ ਘਰੇਲੂ ਝਗੜਿਆਂ ਦੇ ਨਾਲ ਸਬੰਧ

ਸੰਗਤੀਵਾਲਾ ਦੇ ਚੁਰਾਹਿਆਂ ਅਤੇ ਸੜਕਾਂ ਤੇ ਸ਼ਰਾਰਤੀ ਅਨਸਰਾਂ ਵੱਲੋਂ ਸਾਈਨ ਬੋਰਡਾਂ ਦੀ ਭੰਨ-ਤੋੜ

ਕੌਹਰੀਆਂ, 19 ਫਰਵਰੀ (ਅਵਤਾਰ ਸਿੰਘ ਜਟਾਣਾ): ਪਿੰਡ ਸੰਗਤੀਵਾਲਾ ਦੇ ਮੁੱਖ ਚੁਰਾਹਿਆਂ ਅਤੇ ਪਿੰਡ ਨੂੰ ਜੋੜਨ ਵਾਲੀਆਂ ਵੱਖ-ਵੱਖ ਸੜਕਾਂ ਤੇ ਲੱਗੇ ਸਰਕਾਰੀ ਸਾਈਨ ਬੋਰਡਾਂ ਨੂੰ ਸ਼ਰਾਰਤੀ ਅਨਸਰਾਂ ਵੱਲੋਂ ਨੁਕਸਾਨ ਪਹੁੰਚਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ, ਰਾਹਗੀਰਾਂ ਦੀ ਸਹੂਲਤ ਲਈ ਲਗਾਏ ਗਏ ਇਨ੍ਹਾਂ ਦਿਸ਼ਾ-ਸੂਚਕ ਬੋਰਡਾਂ ਨੂੰ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਤੋੜ ਦਿੱਤਾ ਗਿਆ ਹੈ। ਸ਼ਰਾਰਤੀ ਅਨਸਰਾਂ ਨੇ ਜਿੱਥੇ ਘੱਗਰ ਬ੍ਰਾਂਚ ਨਹਿਰ ਤੇ ਬਣੀ ਨਵੀਂ ਸੜਕ ਨੂੰ ਨਿਸ਼ਾਨਾ ਬਣਾਇਆ ਹੈ, ਉੱਥੇ ਹੀ ਬਾਬਾ ਸਿੱਧਸਰ ਨੂੰ ਜਾਣ ਵਾਲੀ ਸੜਕ ਦੇ ਚੌਰਾਹੇ ਤੇ ਲੱਗੇ ਸਾਈਨ ਬੋਰਡ ਵੀ ਤੋੜ ਦਿੱਤੇ ਗਏ ਹਨ।ਇਹ ਬੋਰਡ ਦੂਰ-ਦੁਰਾਡੇ ਤੋਂ ਆਉਣ ਵਾਲੇ ਲੋਕਾਂ ਲਈ ਰਸਤਾ ਲੱਭਣ ਵਿੱਚ ਮਦਦਗਾਰ ਸਾਬਤ ਹੁੰਦੇ ਸਨ, ਪਰ ਹੁਣ ਇਨ੍ਹਾਂ ਦੇ ਟੁੱਟਣ ਕਾਰਨ ਰਾਹਗੀਰਾਂ ਨੂੰ ਪਿੰਡਾਂ ਦੇ ਅੰਦਰੂਨੀ ਰਸਤਿਆਂ ਦੀ ਜਾਣਕਾਰੀ ਲੈਣ ਵਿੱਚ ਮੁਸ਼ਕਲ ਆ ਰਹੀ ਹੈ। ਖਾਸ ਕਰਕੇ ਰਾਤ ਦੇ ਸਮੇਂ ਅਣਜਾਣ ਵਾਹਨ ਚਾਲਕਾਂ ਨੂੰ ਸਹੀ ਰਸਤੇ ਦਾ ਪਤਾ ਨਾ ਲੱਗਣ ਕਾਰਨ ਕਾਫੀ ਪਰੇਸ਼ਾਨੀ ਹੁੰਦੀ ਹੈ।**ਪਿੰਡ ਵਿੱਚ ਸੀਸੀਟੀਵੀ ਕੈਮਰੇ ਲਗਾਉਣ ਅਤੇ ਨਵੇਂ ਬੋਰਡ ਲਗਵਾਉਣ ਦੀ ਮੰਗ**ਇਸ ਮਾਮਲੇ ਨੂੰ ਲੈ ਕੇ ਸਰਪੰਚ ਅਜੈਬ ਸਿੰਘ, ਗੁਰਜੰਟ ਸਿੰਘ, ਪ੍ਰਧਾਨ ਗੁਰਜੰਟ ਸਿੰਘ ਲਿਬੜਾ, ਪ੍ਰਦੀਪ ਸਿੰਘ, ਸਲਿੰਦਰ ਸਿੰਘ, ਮਨਪ੍ਰੀਤ ਸਿੰਘ, ਜਗਸੀਰ ਸਿੰਘ, ਨਵਨੀਤ ਸਿੰਘ, ਗੁਰਜੰਟ ਸਿੰਘ, ਪ੍ਰਗਟ ਸਿੰਘ, ਭੋਲਾ ਸਿੰਘ, ਮੰਗਤ ਸਿੰਘ, ਗੁਰਜੀਤ ਸਿੰਘ, ਪਰਮਿੰਦਰ ਸਿੰਘ, ਨਵਜੋਤ ਸਿੰਘ ਅਤੇ ਹੋਰ ਪਿੰਡ ਵਾਸੀਆਂ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਪਿੰਡ ਦੇ ਮੁੱਖ ਚੌਕਾਂ ਵਿੱਚ ਸੀਸੀਟੀਵੀ ਕੈਮਰੇ ਲਗਾਏ ਜਾਣ ਤਾਂ ਜੋ ਅਜਿਹੀਆਂ ਗਤੀਵਿਧੀਆਂ ਤੇ ਨਜ਼ਰ ਰੱਖੀ ਜਾ ਸਕੇ। ਪਿੰਡ ਵਾਸੀਆਂ ਦਾ ਮੰਨਣਾ ਹੈ ਕਿ ਕੈਮਰੇ ਲੱਗਣ ਨਾਲ ਸ਼ਰਾਰਤੀ ਅਨਸਰਾਂ ਵਿੱਚ ਡਰ ਰਹੇਗਾ ਅਤੇ ਪਛਾਣ ਕਰਨੀ ਸੌਖੀ ਹੋਵੇਗੀ।ਇਸ ਦੇ ਨਾਲ ਹੀ ਇਨ੍ਹਾਂ ਪਿੰਡ ਵਾਸੀਆਂ ਨੇ ਪ੍ਰਸ਼ਾਸਨ ਅਤੇ ਸਬੰਧਤ ਵਿਭਾਗ ਨੂੰ ਅਪੀਲ ਕੀਤੀ ਹੈ ਕਿ ਘੱਗਰ ਬ੍ਰਾਂਚ ਨਹਿਰ ਵਾਲੀ ਨਵੀਂ ਸੜਕ ਤੇ ਬਾਬਾ ਸਿੱਧਸਰ ਚੌਰਾਹੇ ਸਮੇਤ ਪਿੰਡ ਦੇ ਹੋਰਨਾਂ ਰਸਤਿਆਂ ਤੇ ਟੁੱਟੇ ਹੋਏ ਬੋਰਡਾਂ ਦੀ ਜਗ੍ਹਾ ਤੁਰੰਤ ਨਵੇਂ ਬੋਰਡ ਲਗਵਾਏ ਜਾਣ। ਉਨ੍ਹਾਂ ਦੀ ਮੰਗ ਹੈ ਕਿ ਅਜਿਹੀ ਹਰਕਤ ਕਰਨ ਵਾਲੇ ਅਣਪਛਾਤੇ ਵਿਅਕਤੀਆਂ ਦਾ ਪਤਾ ਲਗਾਇਆ ਜਾਵੇ ਤਾਂ ਜੋ ਭਵਿੱਖ ਵਿੱਚ ਸਰਕਾਰੀ ਸਮਾਨ ਦਾ ਹੋਰ ਨੁਕਸਾਨ ਨਾ ਹੋਵੇ।

ਆਕਸਫ਼ੋਰਡ ਸਕੂਲ ਦੇ ਸਿਤਾਰੇ ਨੇ ਦਿਖਾਇਆ ਕਮਾਲ ਅਤੇ ਟੀਮ ਨੇ ਦਰਜ ਕੀਤੀ ਸ਼ਾਨਦਾਰ ਜਿੱਤ

ਭਗਤਾ ਭਾਈ ਕਾ 19 ਫਰਵਰੀ (ਸਵਰਨ ਸਿੰਘ ਭਗਤਾ)'ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ, ਭਗਤਾ ਭਾਈ ਕਾ' ਇਲਾਕੇ ਦੀ ਇੱਕ ਅਜਿਹੀ ਮਾਣਮੱਤੀ ਵਿੱਦਿਅਕ ਸੰਸਥਾ ਹੈ, ਜਿਸਦੇ ਵਿਦਿਆਰਥੀ ਹਰ ਖੇਤਰ ਵਿੱਚ ਮੋਹਰੀ ਹਨ।ਜਿੱਥੇ ਇਹ ਵਿੱਦਿਅਕ ਖੇਤਰ ਦੇ ਚਮਕਦੇ ਸਿਤਾਰੇ ਹਨ, ਉੱਥੇ ਇਹ ਖੇਡ ਜਗਤ ਵਿੱਚ ਵੀ ਧਰੂ-ਤਾਰੇ ਵਾਂਗ ਚਮਕਦੇ ਹਨ।ਪਿਛਲੇ ਦਿਨੀ 'ਪੰਜਾਬ ਸਕੂਲ ਪ੍ਰਾਇਮਰੀ ਖੇਡਾਂ' ਅੰਡਰ-11 ਫੁੱਟਬਾਲ ਦੇ ਰਾਜ-ਪੱਧਰ ਦੇ ਮੁਕਾਬਲੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਨਾਰੰਗਵਾਲ ਵਿਖੇ ਕਰਵਾਏ ਗਏ।10 ਫਰਵਰੀ ਤੋਂ 13 ਫਰਵਰੀ ਤੱਕ ਚੱਲੇ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਬਠਿੰਡਾ ਜ਼ੋਨ ਦੀ ਟੀਮ ਨੇ ਸੈਮੀਫਾਈਨਲ ਵਿੱਚ ਲੁਧਿਆਣਾ ਦੀ ਟੀਮ ਨੂੰ ਹਰਾ ਕੇ ਅਤੇ ਫਾਈਨਲ ਵਿੱਚ ਪਟਿਆਲਾ ਦੀ ਟੀਮ ਨੂੰ ਮਾਤ ਦੇ ਕੇ ਪਹਿਲੀ ਪੁਜ਼ੀਸ਼ਨ ਪ੍ਰਾਪਤ ਕੀਤੀ ਅਤੇ ਰਾਜ-ਪੱਧਰ ਜੇਤੂ ਹੋਣ ਦਾ ਮਾਣ ਆਪਣੀ ਝੋਲੀ ਪਾਇਆ।ਇਹ ਬੜੇ ਮਾਣ ਵਾਲੀ ਗੱਲ ਹੈ ਕਿ ਆਕਸਫ਼ੋਰਡ ਸੰਸਥਾ ਦਾ ਪੰਜਵੀਂ ਜਮਾਤ ਦਾ ਵਿਦਿਆਰਥੀ ਸੁਖਬੀਰ ਸਿੰਘ ਪੁੱਤਰ ਜਗਸੀਰ ਸਿੰਘ, ਵਾਸੀ ਡੋਡ ਵੀ ਇਸ ਟੀਮ ਦਾ ਮੁੱਖ ਖਿਡਾਰੀ ਸੀ।ਬਠਿੰਡਾ ਜ਼ੋਨ ਵੱਲੋਂ ਖੇਡੇ ਸੁਖਬੀਰ ਸਿੰਘ ਨੇ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਵੀ ਆਪਣੀ ਖੇਡ-ਕਲਾ ਦਾ ਲੋਹਾ ਮਨਵਾਇਆ। ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਸੁਖਬੀਰ ਸਿੰਘ ਅਤੇ ਉਸਦੇ ਮਾਪਿਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਕਿਹਾ ਕਿ ਸਕੂਲ ਦੇ ਫੁੱਟਬਾਲ ਕੋਚ ਵੀ ਇਸ ਵਧਾਈ ਦੇ ਹੱਕਦਾਰ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦੇ ਕਿਹਾ ਕਿ ਹਰ ਵਿਦਿਆਰਥੀ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਹਿੱਸਾ ਲੈਣਾ ਚਾਹੀਦਾ ਹੈ ਕਿਉਂਕਿ ਖੇਡਾਂ ਪੜ੍ਹਾਈ ਤੋਂ ਥੱਕੇ ਦਿਮਾਗ ਨੂੰ ਤਾਜ਼ਗੀ ਬਖ਼ਸ਼ਦੀਆਂ ਹਨ, ਜਿਸ ਕਰਕੇ ਪੜ੍ਹਾਈ ਵਿੱਚ ਵਧੇਰੇ ਲਗਨ ਵੱਧਦੀ ਹੈ। ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਸਰਪੰਚ (ਵਿੱਤ-ਸਕੱਤਰ) ਜੀ ਨੇ ਵੀ ਬਠਿੰਡਾ ਜ਼ੋਨ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ।ਇਸ ਸਮੇਂ ਸਕੂਲ ਦੇ ਸਾਰੇ ਅਧਿਆਪਕ ਅਤੇ ਕੋਆਰਡੀਨੇਟਰਜ਼ ਵੀ ਮੌਜੂਦ ਸਨ ।

ਐਸ.ਡੀ.ਐਮ. ਧੂਰੀ ਵੱਲੋਂ ਸ਼ਹਿਰ ਦੇ ਸਫ਼ਾਈ ਪ੍ਰਬੰਧਾਂ ਦਾ ਮੌਕੇ 'ਤੇ ਜਾ ਕੇ ਜਾਇਜ਼ਾ

ਬੱਸ ਅੱਡੇ ਅਤੇ ਜਨਤਕ ਪਖਾਨਿਆਂ ਦੀ ਕੀਤੀ ਜਾਂਚ

ਧੂਰੀ, 19 ਫਰਵਰੀ (ਰਾਜੇਸ਼ਵਰ ਪਿੰਟੂ) :ਉਪ ਮੰਡਲ ਮੈਜਿਸਟਰੇਟ ਧੂਰੀ ਰਿਸ਼ਭ ਬਾਂਸਲ ਵੱਲੋਂ ਅੱਜ ਧੂਰੀ ਸ਼ਹਿਰ ਵਿੱਚ ਸਫ਼ਾਈ ਪ੍ਰਬੰਧਾਂ ਦਾ ਮੌਕੇ 'ਤੇ ਜਾ ਕੇ ਜਾਇਜ਼ਾ ਲਿਆ ਗਿਆ। ਇਸ ਦੌਰਾਨ ਉਨ੍ਹਾਂ ਬੱਸ ਅੱਡੇ ਸਮੇਤ ਵੱਖ-ਵੱਖ ਜਨਤਕ ਪਖਾਨਿਆਂ ਦੀ ਜਾਂਚ ਕੀਤੀ ਅਤੇ ਸੰਬੰਧਿਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ।ਐਸ.ਡੀ.ਐਮ. ਨੇ ਹਦਾਇਤ ਕੀਤੀ ਕਿ ਜਨਤਕ ਪਖਾਨਿਆਂ ਦੀ ਸਫ਼ਾਈ ਅਤੇ ਰੱਖ-ਰਖਾਅ ਨੂੰ ਯਕੀਨੀ ਬਣਾਇਆ ਜਾਵੇ ਅਤੇ ਸ਼ਹਿਰ ਨੂੰ ਸਾਫ਼ ਸੁਥਰਾ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਕੂੜਾ ਡੰਪ ਜਾਂ ਅਣ ਅਧਿਕਾਰਤ ਥਾਵਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਵਾ ਕੇ ਨਿਗਰਾਨੀ ਕੀਤੀ ਜਾਵੇਗੀ ਤਾਂ ਜੋ ਗ਼ਲਤ ਤਰੀਕੇ ਨਾਲ ਕੂੜਾ ਸੁੱਟਣ ਵਾਲਿਆਂ ਦੀ ਪਹਿਚਾਣ ਕੀਤੀ ਜਾ ਸਕੇ। ਰਿਸ਼ਭ ਬਾਂਸਲ ਨੇ ਸਪੱਸ਼ਟ ਕੀਤਾ ਕਿ ਅਣ ਅਧਿਕਾਰਤ ਥਾਵਾਂ 'ਤੇ ਕੂੜਾ ਸੁੱਟਣ ਵਾਲਿਆਂ ਦੇ ਚਲਾਨ ਕੱਟੇ ਜਾਣਗੇ ਅਤੇ ਇਨ੍ਹਾਂ ਥਾਵਾਂ 'ਤੇ ਚੇਤਾਵਨੀ ਬੋਰਡ ਵੀ ਲਗਾਏ ਜਾਣਗੇ, ਤਾਂ ਜੋ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ।ਇਸ ਮੌਕੇ ਐਸ.ਡੀ.ਐਮ. ਧੂਰੀ ਰਿਸ਼ਭ ਬਾਂਸਲ ਅਤੇ ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਧੂਰੀ ਗੁਰਵਿੰਦਰ ਸਿੰਘ ਨੇ ਧੂਰੀ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ ਅਤੇ ਦੁਕਾਨਾਂ ਵਿੱਚ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਇਕੱਠਾ ਕਰਨ ਲਈ ਡਸਟਬੀਨ ਲਗਾਏ ਜਾਣ। ਨਗਰ ਕੌਂਸਲ ਦੇ ਵਾਹਨਾਂ ਵਿੱਚ ਕੂੜਾ ਪਾਉਂਦੇ ਸਮੇਂ ਗਿੱਲਾ ਅਤੇ ਸੁੱਕਾ ਕੂੜਾ ਅਲੱਗ-ਅਲੱਗ ਦਿੱਤਾ ਜਾਵੇ।ਉਨ੍ਹਾਂ ਨੇ ਕਿਹਾ ਕਿ ਸ਼ਹਿਰ ਅੰਦਰ ਕਿਸੇ ਵੀ ਖ਼ਾਲੀ ਪਲਾਟ, ਖ਼ਾਲੀ ਥਾਂ ਜਾਂ ਸੜਕਾਂ ਦੇ ਆਲ਼ੇ-ਦੁਆਲੇ ਕੂੜਾ ਨਾ ਸੁੱਟਿਆ ਜਾਵੇ ਅਤੇ ਸ਼ਹਿਰ ਨੂੰ ਸਾਫ਼-ਸੁਥਰਾ ਬਣਾਉਣ ਲਈ ਨਗਰ ਕੌਂਸਲ ਦਾ ਸਹਿਯੋਗ ਕੀਤਾ ਜਾਵੇ। ਜੇਕਰ ਕੂੜੇ ਸਬੰਧੀ ਕੋਈ ਵੀ ਸਮੱਸਿਆ ਪੇਸ਼ ਆਉਂਦੀ ਹੈ ਤਾਂ ਤੁਰੰਤ ਨਗਰ ਕੌਂਸਲ ਨਾਲ ਸੰਪਰਕ ਕੀਤਾ ਜਾਵੇ।ਉਨ੍ਹਾਂ ਨੇ ਕਿਹਾ ਕਿ ਸ਼ਹਿਰ ਅੰਦਰ ਕਿਸੇ ਵੀ ਖ਼ਾਲੀ ਪਲਾਟ, ਖ਼ਾਲੀ ਥਾਂ ਜਾਂ ਸੜਕਾਂ ਦੇ ਆਲ਼ੇ-ਦੁਆਲੇ ਕੂੜਾ ਨਾ ਸੁੱਟਿਆ ਜਾਵੇ ਅਤੇ ਸ਼ਹਿਰ ਨੂੰ ਸਾਫ਼-ਸੁਥਰਾ ਬਣਾਉਣ ਲਈ ਨਗਰ ਕੌਂਸਲ ਦਾ ਸਹਿਯੋਗ ਕੀਤਾ ਜਾਵੇ। ਜੇਕਰ ਕੂੜੇ ਸਬੰਧੀ ਕੋਈ ਵੀ ਸਮੱਸਿਆ ਪੇਸ਼ ਆਉਂਦੀ ਹੈ, ਤਾਂ ਤੁਰੰਤ ਨਗਰ ਕੌਂਸਲ ਨਾਲ ਸੰਪਰਕ ਕੀਤਾ ਜਾਵੇ।

ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਵਿਸ਼ਿਆਂ 'ਤੇ ਸੈਮੀਨਾਰ

ਤਲਵੰਡੀ ਸਾਬੋ,19 ਫਰਵਰੀ (ਸੰਦੀਪ ਜੋਸੀ) : ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਕੰਪਿਊਟਿੰਗ ਅਤੇ ਫੈਕਲਟੀ ਆਫ਼ ਇੰਜੀਨੀਅਰਿੰਗ ਵੱਲੋਂ ਆਈ.ਕਿਊ. ਏ.ਸੀ. ਦੇ ਸਹਿਯੋਗ ਨਾਲ ਆਰਟੀਫਿਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਵਿਸ਼ਿਆਂ 'ਤੇ ਐਡਵਾਂਸ ਕਰੀਅਰ ਟਰਾਂਸਫਾਰਮਰ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਅਮਨ ਐਸ. ਗੁਪਤਾ ਕੋ-ਫਾਊਂਡਰ ਸੀ.ਟੀ.ਓ. ਸਰਸ ਏ. ਆਈ. ਇੰਸਟੀਚਿਊਟ ਮੁੱਖ ਬੁਲਾਰੇ ਵਜੋਂ ਹਾਜ਼ਰ ਹੋਏ। ਇਸ ਮੌਕੇ ਜੀ.ਕੇ.ਯੂ. ਦੇ ਪਰੋ. ਵਾਈਸ ਚਾਂਸਲਰ ਪ੍ਰੋ.(ਡਾ.) ਜਗਤਾਰ ਸਿੰਘ ਧੀਮਾਨ ਅਤੇ ਸਰਸ ਇੰਸਟੀਚਿਊਟ ਦੇ ਅਮਨ ਐਸ. ਗੁਪਤਾ ਵੱਲੋਂ ਦੁਵੱਲਾ ਸਮਝੌਤਾ ਹਸਤਾਖ਼ਰਿਤ ਕੀਤਾ ਗਿਆ।ਸੈਮੀਨਾਰ ਵਿੱਚ ਮੁੱਖ ਬੁਲਾਰੇ ਅਮਨ ਗੁਪਤਾ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ, ਮਸ਼ੀਨ ਲਰਨਿੰਗ ਅਤੇ ਜਨਰੇਟਿਵ ਏ.ਆਈ. ਦੇ ਉੱਭਰਦੇ ਰੁਝਾਨਾਂ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਟੈਕਨਾਲੋਜੀ ਕਿਸ ਤਰ੍ਹਾਂ ਵੱਖ-ਵੱਖ ਉਦਯੋਗਾਂ ਦੇ ਮੁਹਾਂਦਰੇ ਬਦਲ ਰਹੀਆਂ ਹਨ। ਜਿਸ ਕਾਰਨ ਰੁਜ਼ਗਾਰ ਅਤੇ ਹੋਰਨਾਂ ਖੇਤਰਾਂ ਵਿੱਚ ਨਵੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ।ਇਸ ਮੌਕੇ ਡਾ. ਧੀਮਾਨ ਨੇ ਕਿਹਾ ਕਿ ਸੈਮੀਨਾਰ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਆਰਟੀਫਿਸ਼ੀਅਲ ਇੰਟੈਲੀਜੈਂਸ 'ਸਭਨਾਂ ਲਈ' ਦੇ ਹੌਕੇ ਨੂੰ ਸੱਚ ਸਾਬਿਤ ਕਰਦੀ ਹੈ ਕਿਉਂਕਿ ਸੈਮੀਨਾਰ ਵਿੱਚ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ ਤੇ ਰੁਜ਼ਗਾਰ ਦੇ ਮੌਕਿਆਂ ਦੇ ਕਾਬਲ ਬਣਨ, ਨੈਤਿਕ ਏ.ਆਈ ਦਾ ਇਸਤੇਮਾਲ ਅਤੇ ਏ.ਆਈ. ਦੀਆਂ ਨਵੀਨਤਮ ਪ੍ਰਣਾਲੀਆਂ ਬਾਰੇ ਜਾਣੂੰ ਹੋਣ ਲਈ ਤਿਆਰ ਕਰਦਾ ਹੈ।ਇਸ ਮੌਕੇ ਡਾ. ਜਾਵੇਦ ਅਹਿਮਦ ਖਾਨ ਡੀਨ ਅਕਾਦਮਿਕ ਅਤੇ ਡਾਇਰੈਕਟਰ ਆਈ.ਕਿਊ.ਏ. ਸੀ. ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ ਕਿ ਏ.ਆਈ. ਵਿਦਿਆਰਥੀਆਂ ਦੇ ਕਰੀਅਰ ਦੀ ਬੁਨਿਆਦੀ ਲੋੜ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸਿਰਫ ਨੌਕਰੀ ਲੱਭਣ ਤੱਕ ਸੀਮਿਤ ਨਾ ਰਹਿ ਕੇ ਸਿਹਤ, ਇੰਜਨੀਅਰਿੰਗ, ਖੇਤੀਬਾੜੀ ਸਿੱਖਿਆ ਤੇ ਡਿਜ਼ਾਇਨਿੰਗ ਵਰਗੇ ਖੇਤਰਾਂ ਵਿੱਚ ਉੱਭਰ ਰਹੀਆਂ ਸੰਭਵਾਨਾਵਾਂ ਤੋਂ ਲਾਭ ਉਠਾਉਣ ਲਈ ਨਵੇਂ ਸਟਾਰਟ-ਅੱਪ ਸ਼ੁਰੂ ਕਰਨ ਦਾ ਮਸ਼ਵਰਾ ਵੀ ਦਿੱਤਾ। ਸੈਮੀਨਾਰ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਵੱਡੀ ਹਾਜ਼ਰੀ ਨੇ ਸੈਮੀਨਾਰ ਦੇ ਸਮੇਂ ਦੇ ਹਾਣ ਦਾ ਹੋਣ ਦਾ ਸਬੂਤ ਪੇਸ਼ ਕੀਤਾ।

ਮਨਰੇਗਾ ਸਕੀਮ ਨੂੰ ਖਤਮ ਕਰਨ ਦਾ ਫ਼ੈਸਲਾ ਗ਼ਰੀਬਾਂ ਦੇ ਹੱਕਾਂ ਨਾਲ ਖਿਲਵਾੜ :ਸਿੰਗਲਾ

ਕਾਂਗਰਸ ਪਾਰਟੀ ਵੱਲੋਂ ਵਿਰੋਧ ਵਿੱਚ ਕਾਨੂੰਨ ਵਾਪਸ ਲੈਣ ਤੱਕ ਜਾਰੀ ਰਹੇਗਾ ਸੰਘਰਸ਼

ਬੁਢਲਾਡਾ,19 ਫਰਵਰੀ(ਜੀਵਨ ਕੁਮਾਰ) :ਮਨਰੇਗਾ ਸਕੀਮ ਨੂੰ ਕੇਂਦਰੀ ਅਤੇ ਰਾਜ ਸਰਕਾਰ ਵੱਲੋਂ ਖਤਮ ਕਰਨ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ। ਜਿਸਦਾ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਕੁਲਵੰਤ ਰਾਏ ਸਿੰਗਲਾ ਵੱਲੋਂ ਕੜੇ ਸ਼ਬਦਾਂ ਵਿੱਚ ਵਿਰੋਧ ਕਰਦਿਆਂ ਕਿਹਾ ਕਿ ਮਨਰੇਗਾ ਜੋ 2005 ਦੇ ਵਿੱਚ ਕਾਂਗਰਸ ਦੀ ਯੂਪੀਏ ਸਰਕਾਰ ਨੇ ਭਾਰਤ ਦੇ ਗਰੀਬ ਲੋਕਾਂ ਨੂੰ ਮਜਬੂਤ ਕਰਨ ਵਾਸਤੇ ਮਨਰੇਗਾ ਦਾ ਐਕਟ ਲਾਗੂ ਕੀਤਾ ਗਿਆ ਸੀ।ਪਰੰਤੂ ਹੁਣ ਭਾਰਤ ਦੀ ਭਾਜਪਾ ਸਰਕਾਰ ਇਸਨੂੰ ਤੋੜ-ਮਰੋੜ ਕੇ ਖਤਮ ਕਰਨਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਕਿਸੇ ਵੀ ਕੀਮਤ ਤੇ ਖਤਮ ਕਰਨ ਨਹੀਂ ਦੇਵੇਗੀ।ਕਿਉਂਕਿ ਇਹ ਜੋ ਕਾਨੂੰਨ ਬਣਾਇਆ ਗਿਆ ਸੀ,ਇਹ ਗਰੀਬਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਦੀ ਵਿੱਤੀ ਹਾਲਤ ਸੁਧਾਰਨ ਲਈ ਬਣਾਇਆ ਗਿਆ ਸੀ।ਜਿਸ ਤਹਿਤ ਘੱਟੋ-ਘੱਟ ਇੱਕ ਸਾਲ ਦੇ 365 ਦਿਨਾਂ ਦੇ ਵਿੱਚੋਂ 100 ਦਿਨ ਦਾ ਰੁਜ਼ਗਾਰ ਕੇਂਦਰ ਸਰਕਾਰ ਹਰ ਘਰ ਦੇ ਇੱਕ ਜੀਅ ਨੂੰ ਦੇਵੇਗੀ।ਪਰ ਹੁਣ ਜਿਹੜਾ ਨਵਾਂ ਕਾਨੂੰਨ ਜੀਆਰਜੀ ਬਣਾਇਆ ਜਾ ਰਿਹਾ ਹੈ, ਉਸਦੇ ਵਿੱਚ ਚਾਹੇ ਇਹਨਾਂ ਨੇ 125 ਦਿਨ ਕਹਿ ਦਿੱਤੇ ਸਨ,ਪਰੰਤੂ 40% ਹਿੱਸਾ ਜੋ ਸੂਬਾ ਸਰਕਾਰਾਂ ਦਾ ਪਾਉਣ ਵਾਸਤੇ ਉਹਦੇ ਵਿੱਚ ਸ਼ਰਤ ਰੱਖੀ ਗਈ ਹੈ ਜੋ ਕਿ ਬਿਲਕੁਲ ਨਜਾਇਜ਼ ਹੈ ਅਤੇ ਭਾਰਤ ਦੇ ਲੋਕ ਗਰੀਬ ਇਸਨੂੰ ਬਰਦਾਸ਼ਤ ਨਹੀਂ ਕਰਨਗੇ। ਉਹਨਾਂ ਕਿਹਾ ਕਿ ਉਦਾਹਰਨ ਦੇ ਤੌਰ ਤੇ ਪੰਜਾਬ ਦੇ ਵਿੱਚ

ਪਟਿਆਲਾ-ਆਸ/ਪਾਸ

ਪਟਿਆਲਾ ਵਿੱਚ ਡੇਅਰੀ ਫਾਰਮ ਦਾ ਸਾਂਝਾ ਦੌਰਾ, ਡੇਅਰੀਆਂ ਦੀ ਸ਼ਿਫਟਿੰਗ ਵੱਲ ਵੱਡਾ ਕਦਮ

➢ਮੇਅਰ ਤੇ ਕਮਿਸ਼ਨਰ ਵੱਲੋਂ ਬੁਨਿਆਦੀ ਸਹੂਲਤਾਂ ਦਾ ਜਾਇਜ਼ਾ

ਪਟਿਆਲਾ, 19 ਫਰਵਰੀ (ਰੁਪਾਣਾ) : ਸ਼ਹਿਰ ਅੰਦਰ ਚੱਲ ਰਹੀਆਂ ਡੇਅਰੀਆ ਨੂੰ ਨਗਰ ਨਿਗਮ ਦੀ ਹੱਦ ਤੋਂ ਬਾਹਰ ਨਿਰਧਾਰਿਤ ਡੇਅਰੀ ਪ੍ਰੋਜੈਕਟ ਸਾਈਟ 'ਤੇ ਸ਼ਿਫਟ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਨਗਰ ਨਿਗਮ ਪਟਿਆਲਾ ਵੱਲੋਂ ਇੱਕ ਮਹੱਤਵਪੂਰਨ ਮੈਦਾਨੀ ਦੌਰਾ ਕੀਤਾ ਗਿਆ। ਇਸ ਦੌਰੇ ਦੀ ਅਗਵਾਈ ਕੁੰਦਨ ਗੋਗੀਆ ਮੇਅਰ ਨਗਰ ਨਿਗਮ ਪਟਿਆਲਾ ਅਤੇ ਪਰਮਜੀਤ ਸਿੰਘ ਕਮਿਸ਼ਨਰ ਨਗਰ ਨਿਗਮ ਪਟਿਆਲਾ ਵੱਲੋਂ ਕੀਤੀ ਗਈ। ਇਸ ਮੌਕੇ ਡੇਅਰੀ ਮਾਲਕਾਂ ਦੀ ਵੱਡੀ ਗਿਣਤੀ ਵੀ ਹਾਜ਼ਰ ਰਹੀ, ਜਿਨ੍ਹਾਂ ਨੇ ਸਾਈਟ 'ਤੇ ਮੌਜੂਦ ਸਹੂਲਤਾਂ ਦਾ ਖੁਦ ਮੁਆਇਨਾ ਕੀਤਾ। ਇਸ ਦੌਰਾਨ ਮੇਅਰ ਅਤੇ ਕਮਿਸ਼ਨਰ ਦੇ ਨਾਲ ਐਸ.ਸੀ. ਰਜਿੰਦਰ ਚੋਪੜਾ, ਐਸ.ਸੀ. ਜੇ.ਪੀ. ਸਿੰਘ, ਐਕਸਈਐਨ ਨਰਾਇਣ ਦਾਸ ਅਤੇ ਐਕਸਈਐਨ ਕੁਲਜਿੰਦਰ ਸਿੰਘ ਵੀ

ਮੌਜੂਦ ਰਹੇ। ਨਗਰ ਨਿਗਮ ਦੇ ਅਧਿਕਾਰੀਆਂ ਨੇ ਡੇਅਰੀ ਮਾਲਕਾਂ ਨੂੰ ਸਾਈਟ 'ਤੇ ਤਿਆਰ ਕੀਤੀਆਂ ਜਾ ਰਹੀਆਂ ਬੁਨਿਆਦੀ ਸਹੂਲਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਕਮਿਸ਼ਨਰ ਪਰਮਜੀਤ ਸਿੰਘ ਨੇ ਕਿਹਾ ਕਿ ਡੇਅਰੀ ਪ੍ਰੋਜੈਕਟ ਸਾਈਟ 'ਤੇ ਪਾਣੀ, ਬਿਜਲੀ, ਸੜਕਾਂ, ਡਰੇਨੇਜ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਜੇਕਰ ਡੇਅਰੀ ਮਾਲਕਾਂ ਵੱਲੋਂ ਕਿਸੇ ਵੀ ਕਿਸਮ ਦੀ ਕਮੀ ਜਾਂ ਘਾਟ ਵੱਲ ਧਿਆਨ ਦਿਵਾਇਆ ਜਾਂਦਾ ਹੈ, ਤਾਂ ਉਸਨੂੰ ਤੁਰੰਤ ਦੂਰ ਕੀਤਾ ਜਾਵੇਗਾ। ਡੇਅਰੀਆ ਮਾਲਕਾਂ ਨੇ ਵੀ ਨਗਰ ਨਿਗਮ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੇਕਰ ਸਾਈਟ 'ਤੇ ਸਾਰੀਆਂ ਬੁਨਿਆਦੀ ਸਹੂਲਤਾਂ ਉਪਲੱਬਧ ਕਰਵਾ ਦਿੱਤੀਆਂ ਜਾਂਦੀਆਂ ਹਨ, ਤਾਂ ਉਹ ਆਪਣੀਆਂ ਡੇਅਰੀਆ ਨਵੀਂ ਸਾਈਟ 'ਤੇ ਸ਼ਿਫਟ ਕਰਨ ਲਈ ਤਿਆਰ ਹਨ। ਅੰਤ 'ਤੇ ਮੇਅਰ ਅਤੇ ਕਮਿਸ਼ਨਰ ਨੇ ਦੁਹਰਾਇਆ ਕਿ ਨਗਰ ਨਿਗਮ ਪਟਿਆਲਾ ਸ਼ਹਿਰ ਨੂੰ ਸਾਫ਼-ਸੁਥਰਾ, ਸੁੰਦਰ ਅਤੇ ਸਿਹਤਮੰਦ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ।

ਕਣਕ ਦੀ ਫ਼ਸਲ 'ਤੇ ਤੇਲੇ ਦਾ ਹਮਲਾ, ਕਿਸਾਨ ਪ੍ਰੇਸ਼ਾਨ

➢ਫਸਲ ਨੂੰ ਬਿਮਾਰੀ ਤੋਂ ਬਚਾਉਣ ਲਈ ਕਿਸਾਨ ਮਹਿੰਗੇ ਭਾਅ ਦਾ ਸਪਰੇਅ ਕਰਨ ਲਈ ਮਜਬੂਰ

ਘਨੌਰ, 19 ਫਰਵਰੀ (ਰਾਜਿੰਦਰ ਸਿੰਘ ਕੰਬੋਜ) : ਇਕਦਮ ਵਧੇ ਤਾਪਮਾਨ ਕਾਰਨ ਕਣਕ ਦੀ ਨਿਸਰ ਰਹੀ ਫ਼ਸਲ ਉੱਪਰ ਤੇਲੇ ਨੇ ਹਮਲਾ ਕਰ ਦਿੱਤਾ ਹੈ,ਜਿਸ

ਕਾਰਨ ਕਣਕ ਉਤਪਾਦਕ ਕਿਸਾਨ ਪ੍ਰੇਸ਼ਾਨ ਹਨ । ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕਿਸਾਨ ਆਗੂ ਕਿਰਪਾਲ ਸਿੰਘ ਸਿਆਊ, ਰਿੰਕੂ ਸ਼ੰਭੂ ਕਲਾਂ, ਭੁਪਿੰਦਰ ਸਿੰਘ ਰੈਲੀ ਵਾਲੇ ਡੇਰਾ ਨਨਹੇੜਾ,ਸਰਪੰਚ ਜਰਨੈਲ ਸਿੰਘ ਬੁਟਾ ਸਿੰਘ ਵਾਲੇ , ਗੁਰਵਿੰਦਰ ਸਿੰਘ ਸਿਆਊ, ਨੰਬਰਦਾਰ ਸੱਤਾ ਖਲੋਰ , ਕੁਲਵਿੰਦਰ ਸਿੰਘ ਮਰਦਾਂਪੁਰ, ਕੁਲਵਿੰਦਰ ਸਿੰਘ ਰਾਮ ਨਗਰ ਸੈਣੀਆ,ਹਰਮਨ ਸ਼ੰਭੂ ਕਲਾਂ , ਸਰਪੰਚ ਰਾਜੂ ਮਠਿਆੜਾ ,ਜੱਗੀ ਕਰਾਲਾ , ਤਰਲੋਚਨ ਸਿੰਘ ਨਡਿਆਲੀ, ਮਨਜੀਤ ਸਿੰਘ ਮੋਟੇ ਮਾਜਰਾ ਇਲਾਵਾ ਇਲਾਕੇ ਦੇ ਹੋਰ ਬਹੁਤ ਸਾਰੇ ਕਿਸਾਨਾਂ ਨੇ ਦੱਸਿਆ ਕਿ ਇਕ ਦਮ ਵਧੇ ਤਾਪਮਾਨ ਕਾਰਨ ਕਣਕ ਦੀ ਨਿਸਰ ਰਹੀ ਫ਼ਸਲ ਉੱਪਰ ਤੇਲੇ ਦੀ ਬਿਮਾਰੀ ਨੇ ਹਮਲਾ ਕਰ ਦਿੱਤਾ ਹੈ ।ਉਨ੍ਹਾਂ ਕਿਹਾ ਕਿ ਕਿਸਾਨ ਆਪਣੀ ਫਸਲ ਨੂੰ ਨੁਕਸਾਨ ਤੋਂ ਬਚਾਉਣ ਲਈ ਧੜਾ ਧੜ ਸਪਰੇਅ ਕਰ ਰਹੇ ਹਨ ।ਤੇਲੇ ਦੀ ਬਿਮਾਰੀ ਕਾਰਨ ਜਿੱਥੇ ਕਣਕ ਦਾ ਨੁਕਸਾਨ ਹੋ ਰਿਹਾ ਹੈ ਉਥੇ ਹੀ ਇਸ ਨੁਕਸਾਨ ਤੋਂ ਫ਼ਸਲ ਨੂੰ ਬਚਾਉਣ ਲਈ ਕਿਸਾਨ ਮਹਿੰਗੇ ਭਾਅ ਦਾ ਸਪਰੇਅ ਕਰਨ ਲਈ ਮਜਬੂਰ ਹਨ।ਸਰਕਾਰਾਂ ਦੀਆਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਪਹਿਲਾਂ ਹੀ ਆਰਥਿਕ ਮੰਦਹਾਲੀ ਦਾ ਸ਼ਿਕਾਰ ਕਿਸਾਨਾਂ ਨੂੰ ਦੂਹਰੀ ਮਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪੰਜਾਬੀ ਯੂਨੀਵਰਸਿਟੀ ਵਿਖੇ ਨਸ਼ਿਆਂ ਤੇ ਏਡਜ਼ ਦੀ ਰੋਕਥਾਮ ਬਾਰੇ ਵਿਸ਼ੇਸ਼ ਭਾਸ਼ਣ

➢ਸਮਾਜਿਕ ਬੁਰਾਈਆਂ ਪ੍ਰਤੀ ਜਾਗਰੂਕ ਕਰਨਾ ਵੀ ਯੂਨੀਵਰਸਿਟੀ ਦੀ ਅਹਿਮ ਜ਼ਿੰਮੇਵਾਰੀ: ਡਾ. ਜਗਦੀਪ ਸਿੰਘ

ਪਟਿਆਲਾ, 19 ਫਰਵਰੀ (ਰੁਪਾਣਾ) : ਪੰਜਾਬੀ ਯੂਨੀਵਰਸਿਟੀ ਦੇ ਐੱਨ. ਐੱਸ. ਐੱਸ. ਵਿਭਾਗ ਵੱਲੋਂ ਨਸ਼ਿਆਂ ਅਤੇ ਏਡਜ਼ ਦੀ ਰੋਕਥਾਮ ਬਾਰੇ ਵਿਸ਼ੇਸ਼ ਭਾਸ਼ਣ ਕਰਵਾਏ ਗਏ। ਰੈੱਡ ਰਿਬਨ ਕਲੱਬ ਅਤੇ ਸਿਵਲ ਇੰਜੀਨੀਅਰਿੰਗ ਵਿਭਾਗ ਦੇ ਸਹਿਯੋਗ ਨਾਲ਼ ਕਰਵਾਏ ਇਸ ਪ੍ਰੋਗਰਾਮ ਵਿੱਚ ਰਜਿੰਦਰਾ ਹਸਪਤਾਲ ਪਟਿਆਲਾ ਤੋਂ ਆਈ.ਐੱਚ.ਬੀ.ਟੀ ਮੁਖੀ. ਡਾ. ਮੋਨਿਕਾ ਗਰਗ ਅਤੇ ਮਾਡਲ ਨਸ਼ਾ ਛੁਡਾਊ ਕੇਂਦਰ ਦੇ ਇੰਚਾਰਜ ਡਾ. ਰੋਹਿਤ ਗਰਗ ਨੇ ਆਪਣੇ ਵਿਚਾਰ ਪ੍ਰਗਟਾਏ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਕਿਸੇ ਵੀ ਕੌਮ ਜਾਂ ਦੇਸ ਦਾ ਸਰਮਾਇਆ ਹੁੰਦੇ ਹਨ, ਪਰ ਨਸ਼ਿਆਂ ਅਤੇ ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਇਸ ਸਰਮਾਏ ਨੂੰ ਅੰਦਰੋਂ-ਅੰਦਰੀ ਖ਼ੋਖਲਾ ਕਰ ਰਹੀਆਂ ਹਨ। ਅਜੋਕੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਸਿਰਫ਼ ਕਿਤਾਬੀ ਗਿਆਨ ਦੇਣਾ ਹੀ ਕਾਫ਼ੀ ਨਹੀਂ, ਸਗੋਂ ਉਹਨਾਂ ਨੂੰ ਸਮਾਜਿਕ ਬੁਰਾਈਆਂ ਪ੍ਰਤੀ ਜਾਗਰੂਕ ਕਰਨਾ ਵੀ ਯੂਨੀਵਰਸਿਟੀ ਦੀ ਅਹਿਮ ਜ਼ਿੰਮੇਵਾਰੀ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਨਾ ਸਿਰਫ਼ ਖੁਦ ਇਹਨਾਂ ਆਲ੍ਹਮਤਾਂ ਤੋਂ ਦੂਰ ਰਹਿਣ, ਸਗੋਂ ਸਮਾਜ ਵਿੱਚ ਇੱਕ 'ਜਾਗਰੂਕ ਦੂਤ' ਵਜੋਂ ਵਿਚਰਦਿਆਂ ਦੂਜਿਆਂ ਨੂੰ ਵੀ ਸਿਹਤਮੰਦ ਜੀਵਨ ਜਿਊਣ ਲਈ ਪ੍ਰੇਰਿਤ ਕਰਨ। ਡਾ. ਮੋਨਿਕਾ ਗਰਗ ਨੇ

ਆਪਣੇ ਸੰਬੋਧਨ ਦੌਰਾਨ ਕਿਹਾ ਕਿ ਨਸ਼ਿਆਂ ਦੀ ਆਦਤ ਸਿਰਫ਼ ਵਿਅਕਤੀਗਤ ਸਮੱਸਿਆ ਨਹੀਂ, ਸਗੋਂ ਪੂਰੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਡਾ. ਰੋਹਿਤ ਗਰਗ ਨੇ ਵਿਦਿਆਰਥੀਆਂ ਨੂੰ ਸੰਦੇਸ਼ ਦਿੱਤਾ ਕਿ ਏਡਜ਼ ਵਰਗੀ ਗੰਭੀਰ ਬਿਮਾਰੀ ਤੋਂ ਬਚਾਅ ਲਈ ਸਹੀ ਜਾਣਕਾਰੀ, ਸਾਵਧਾਨੀ ਅਤੇ ਜਾਗਰੂਕਤਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਨੌਜਵਾਨ ਵਰਗ ਆਪਣੀ ਇੱਛਾ-ਸ਼ਕਤੀ ਮਜ਼ਬੂਤ ਰੱਖੇ, ਗ਼ਲਤ ਸੰਗਤ ਤੋਂ ਬਚੇ ਅਤੇ ਸਿਹਤਮੰਦ ਜੀਵਨ ਸ਼ੈਲੀ ਅਪਣਾ ਕੇ ਸਮਾਜ ਲਈ ਪ੍ਰੇਰਣਾ ਦਾ ਸਰੋਤ ਬਣੇ। ਐੱਨ. ਐੱਸ. ਐੱਸ. ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਅਸੀਂ ਐਸੇ ਮਹੱਤਵਪੂਰਨ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ, ਜੋ ਸਾਡੀ ਨੌਜਵਾਨ ਪੀੜ੍ਹੀ ਲਈ ਬਹੁਤ ਜ਼ਰੂਰੀ ਹੈ। ਇਸ ਪ੍ਰੋਗਰਾਮ ਵਿਚ ਅਡੀਸ਼ਨਲ ਡਾਇਰੈਕਟਰ ਸ਼੍ਰੀ ਮਲਕੀਤ ਮਾਨ, ਐੱਨ. ਐੱਸ. ਐੱਸ. ਪ੍ਰੋਗਰਾਮ ਅਫ਼ਸਰ ਡਾ. ਸਿਮਰਨਜੀਤ ਸਿੰਘ ਸਿੱਧੂ, ਡਾ. ਸੁਨੀਤਾ, ਡਾ. ਅਭਿਨਵ ਭੰਡਾਰੀ, ਡਾ. ਨਮਰਤਾ ਵਡੇਰਾ ਅਤੇ ਡਾ. ਚਰਨਜੀਵ ਸਰੋਆ ਸਮੇਤ ਲਗਭਗ 150 ਵਲੰਟੀਅਰਾਂ ਨੇ ਭਾਗ ਲਿਆ।

ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਦਿੱਤੀਆਂ ਸ਼ਹੀਦੀਆਂ ਕਾਰਨ ਗੁਰਧਾਮ ਸਿੱਖ ਪੰਥ ਦੇ ਹੱਥਾਂ 'ਚ ਆਏ : ਪ੍ਰੋ ਬਡੂੰਗਰ

ਪਟਿਆਲਾ, 19 ਫਰਵਰੀ (ਰੁਪਾਣਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ.ਕਿਰਪਾਲ ਸਿੰਘ ਬਡੂੰਗਰ ਨੇ ਨਨਕਾਣਾ ਸਾਹਿਬ ਸਾਕੇ ਦੌਰਾਨ ਆਪਣੀਆਂ ਕੀਮਤੀ ਜਾਨਾਂ ਦੇ ਕੇ ਸ਼ਹਾਦਤ ਦੇਣ ਵਾਲਿਆਂ ਨੂੰ ਸ਼ਰਧਾ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਗੁਰੂ ਘਰਾਂ 'ਤੇ ਕਾਬਜ਼ ਹੋਏ ਮਹੰਤਾਂ ਤੋਂ ਗੁਰਦੁਆਰਿਆਂ ਨੂੰ ਅਜ਼ਾਦ ਕਰਵਾਉਣ ਲਈ ਸੰਘਰਸ਼ ਕੀਤਾ ਅਤੇ ਆਪਣੀਆਂ ਸ਼ਹਾਦਤਾਂ ਦੇ ਕੇ ਗੁਰਧਾਮਾਂ ਨੂੰ ਸਿੱਖ ਪੰਥ ਨੂੰ ਆਪਣੇ ਹੱਥਾਂ ਵਿਚ ਲਿਆ। ਪ੍ਰੋ. ਬਡੂੰਗਰ ਨੇ ਆਖਿਆ ਕਿ ਅੰਗਰੇਜ਼ਾਂ ਦੀ ਸ਼ਹਿ 'ਤੇ ਗੁਰਦੁਆਰਿਆਂ ਅੰਦਰ ਮਨਮਤ ਕਰਨ ਵਾਲੇ ਮਹੰਤਾਂ ਨੂੰ ਸਬਕ ਸਿਖਾਉਣ ਲਈ ਭਾਈ ਲਛਮਣ ਸਿੰਘ ਵਰਗਿਆਂ ਨੇ ਛੋਟੀ ਉਮਰ ਵਿਚ ਆਪਣੀ ਸ਼ਹਾਦਤ ਦਿੱਤੀ, ਜਿਸ ਨੂੰ ਕਦੇ ਵੀ ਅਣਡਿੱਠ ਕਰਕੇ ਨਹੀਂ ਵੇਖਿਆ ਜਾ ਸਕਦਾ। ਪ੍ਰੋ. ਬਡੂੰਗਰ ਨੇ ਕਿਹਾ ਕਿ ਅੰਗਰੇਜ਼ ਸ਼ਾਸਕਾਂ ਦੀ ਸ਼ਹਿ 'ਤੇ ਮਹੰਤਾਂ ਦਾ ਜਬਰ ਵਧਣ ਲੱਗਿਆ, ਜਿਨ੍ਹਾਂ ਨੇ ਗੁਰੂ ਘਰ ਦੀਆਂ ਜਾਇਦਾਦਾਂ 'ਤੇ ਕਬਜ਼ਾ ਹੋਣ ਤੋਂ ਇਲਾਵਾ ਗੁਰੂ ਘਰ ਦੀਆਂ ਪੰਥਕ ਮਾਣ ਮਰਿਆਦਾ ਤੱਕ ਦਾ ਘਾਣ ਕੀਤਾ, ਜਿਸ ਦੀ ਸਿਖਰ ਹੋਣ ਲੱਗੀ । ਉਨ੍ਹਾਂ ਕਿਹਾ ਕਿ ਗੁਰਦੁਆਰਾ ਨਨਕਾਣਾ ਸਾਹਿਬ ਦੇ ਪ੍ਰਬੰਧ ਨੂੰ ਮਹੰਤਾਂ ਨੂੰ ਆਜ਼ਾਦ ਕਰਵਾਉਣ ਲਈ ਸਿੱਖਾਂ ਨੇ ਅਜਿਹਾ ਸੱਤਿਆਗ੍ਰਹਿ ਕੀਤਾ। ਪ੍ਰੋ.ਬਡੂੰਗਰ ਨੇ ਕਿਹਾ ਸ਼ਹੀਦੀਆਂ ਦੇ ਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਸਿੱਖ ਪੰਥ ਦੇ ਹੱਥ ਵਿਚ ਆਇਆ ਅਤੇ ਵੰਡ ਤੋਂ ਬਾਅਦ ਇਹ ਗੁਰਧਾਮ ਪਾਕਿਸਤਾਨ ਵਿਚ ਰਹਿ ਗਿਆ ਅਤੇ ਅਰਦਾਸ ਵਿਚ ਅੱਜ ਹਰ ਸਿੱਖ ਖੁੱਲ੍ਹੇ ਦਰਸ਼ਨ ਦੀਦਾਰ ਦੀ ਅਰਦਾਸ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਚਮੀ ਦਾ ਦਿਹਾੜਾ 22 ਫਰਵਰੀ ਨੂੰ ਆ ਰਿਹਾ, ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਵਿਖੇ ਮਨਾਇਆ ਜਾਣ ਵਾਲਾ ਪੰਚਮੀ ਦਾ ਦਿਹਾੜਾ ਨਨਕਾਣਾ ਸਾਹਿਬ ਦੇ ਸਾਕੇ ਨੂੰ ਸਮਰਪਿਤ ਹੋਵੇਗਾ।

ਪੁਲਿਸ ਵੱਲੋਂ 36 ਬੋਤਲਾਂ ਸ਼ਰਾਬ ਬ੍ਰਾਮਦ

ਨਾਭਾ, 19 ਫਰਵਰੀ (ਚੌਧਰੀਮਾਜਰਾ) : ਥਾਣਾ ਕੋਤਵਾਲੀ ਨਾਭਾ ਪੁਲਿਸ ਨੇ ਕਥਿਤ ਦੋਸ਼ੀ ਬਲਵੀਰ ਸਿੰਘ ਵਾਸੀ ਨੇੜੇ ਪਾਰਕ ਕਰਤਾਰਪੁਰ ਮੁਹੱਲਾ ਨਾਭਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏਐਸਆਈ ਚਮਕੌਰ ਸਿੰਘ ਸਮੇਤ ਪੁਲਿਸ ਪਾਰਟੀ ਖੰਡਾ ਚੌਂਕ ਨਾਭਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਪੁਰਾਣਾ ਕਿਲਾ ਲਾਇਬ੍ਰੇਰੀ ਪਾਸ ਸ਼ਰਾਬ ਵੇਚ ਰਿਹਾ ਹੈ, ਜੋ ਰੇਡ ਕਰਨ ਪਰ 36 ਬੋਤਲਾਂ ਸ਼ਰਾਬ ਹਰਿਆਣਾ ਦੀਆਂ ਬ੍ਰਾਮਦ ਹੋਈਆਂ।

ਸੀ.ਐਮ. ਦੀ ਯੋਗਸ਼ਾਲਾ ਤਹਿਤ ਨਸ਼ਾ ਛੁਡਾਊ ਕੇਂਦਰ 'ਚ ਯੋਗ ਕਲਾਸਾਂ ਲਗਾਈਆਂ

ਮਲੇਰਕੋਟਲਾ, 19 ਫਰਵਰੀ (ਬਲਜੀਤ ਸਿੰਘ ਟਿੱਬਾ) : ਪੰਜਾਬ ਸਰਕਾਰ ਵੱਲੋਂ ਦੁਆਰਾ ਸ਼ੁਰੂ ਕੀਤੀ ਗਈ ਸੀ.ਐਮ. ਦੀ ਯੋਗਸ਼ਾਲਾ ਮੁਹਿੰਮ ਤਹਿਤ ਸੂਬੇ ਦੇ ਹਰੇਕ ਜ਼ਿਲ੍ਹੇ ਵਿੱਚ ਨਿਯਮਿਤ ਤੌਰ 'ਤੇ ਯੋਗ ਕਲਾਸਾਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਇਸ ਪਹਿਲ ਦਾ ਉਦੇਸ਼ ਲੋਕਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਅਤੇ ਮਨ-ਤਨ ਦੀ ਤੰਦਰੁਸਤੀ ਨੂੰ ਮਜ਼ਬੂਤ ਕਰਨਾ ਹੈ। ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹੇ ਵਿੱਚ ਕਰੀਬ 145 ਯੋਗ ਕਲਾਸਾਂ ਨਿਯਮਿਤ ਕਰਵਾਈਆਂ ਜਾ ਰਹੀਆਂ ਹਨ। ਇਸੇ ਕੜੀ ਤਹਿਤ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵੱਲ ਇਕ ਅਹਿਮ ਕਦਮ ਚੁੱਕਦਿਆਂ ਸਿਵਲ ਹਸਪਤਾਲ ਮਾਲੇਰਕੋਟਲਾ ਵਿਖੇ ਚੱਲ ਰਹੇ ਨਸ਼ਾ ਛੁਡਾਊ ਕੇਂਦਰ ਵਿੱਚ ਵੀ ਯੋਗ ਸੈਸ਼ਨ ਆਯੋਜਿਤ ਕੀਤੇ ਜਾ ਰਹੇ ਹਨ। ਸੀ.ਐਮ.ਦੀ ਯੋਗਸ਼ਾਲਾ ਮੁਹਿੰਮ ਦੀ ਜ਼ਿਲ੍ਹਾ ਕੋਆਰਡੀਨੇਟਰ ਮਲਕੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਯੋਗਾ ਕਲਾਸਾਂ ਵਿੱਚ ਮਾਹਿਰ ਟਰੇਨਰਾਂ ਵੱਲੋਂ ਨਸ਼ੇ ਦੀ ਦਲਦਲ ਵਿੱਚੋ ਫਸੇ ਲੋਕਾਂ ਨੂੰ ਕਸਰਤ, ਅੰਤਰਮੁਖੀ ਧਿਆਨ ਅਤੇ ਵੱਖ-ਵੱਖ ਯੋਗ ਆਸਨਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਉਨ੍ਹਾਂ ਆਮ ਜਨਤਾ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਜ਼ਿਲੇ ਵਿੱਚ ਵੱਖ- ਵੱਖ ਥਾਵਾਂ ਤੇ ਆਯੋਜਿਤ ਕੀਤੀਆਂ ਯੋਗ ਕਲਾਸਾਂ ਨਾਲ ਜੁੜ ਕੇ ਆਪਣੇ ਰੋਜਾਨਾ ਜੀਵਨ ਵਿੱਚ ਯੋਗ ਨੂੰ ਸ਼ਾਮਲ ਕਰਨ ।

'ਨਵੀਂ ਪੁਲਾਂਘ' ਪ੍ਰੋਗਰਾਮ ਰਾਹੀਂ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਨੇ ਮਨ ਮੋਹਿਆ

ਭਾਦਸੋਂ, 19 ਫਰਵਰੀ (ਭਰਪੂਰ ਸਿੰਘ ਮੱਟਰਾਂ) : ਅਧਿਆਪਕਾਂ ਅਤੇ ਲੋਕਾਂ ਦੇ ਸਾਂਝੇ ਯਤਨਾਂ ਨਾਲ ਕਲੱਸਟਰ ਜਿੰਦਲਪੁਰ ਅਤੇ ਚਹਿਲ ਵੱਲੋਂ ਪੰਜਾਬ ਫਾਰਮ ਜਿੰਦਲਪੁਰ ਵਿਖੇ ਬੜੇ ਉਤਸ਼ਾਹ ਨਾਲ ਪ੍ਰੋਗਰਾਮ ਨਵੀਂ ਪੁਲਾਂਘ ਕਰਵਾਇਆ ਗਿਆ, ਜਿਸ ਦਾ ਉਦਘਾਟਨ ਮਨਪ੍ਰੀਤ ਸਿੰਘ ਕਰਤਾਰ ਕੰਬਾਈਨ ਭਾਦਸੋਂ ਅਤੇ ਬਲਵਿੰਦਰ ਸਿੰਘ ਟਿਵਾਣਾ ਪੰਜਾਬ ਫਾਰਮ ਜਿੰਦਲਪੁਰ ਵੱਲੋਂ ਸਾਂਝੇ ਰੂਪ 'ਚ ਕੀਤਾ ਗਿਆ,ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਮਾਪੇ ਬੜੇ ਉਤਸ਼ਾਹ ਨਾਲ ਸ਼ਾਮਿਲ ਹੋਏ। ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਟਿਆਲਾ ਮੈਡਮ ਸ਼ਾਲੂ ਮਹਿਰਾ ਤੇ ਡਿਪਟੀ ਜ਼ਿਲ੍ਹਾ ਸਿੱਖਿਆ ਅਫਸਰ ਪਟਿਆਲਾ ਮਨਵਿੰਦਰ ਕੌਰ ਭੁੱਲਰ ਨੇ ਕਿਹਾ ਕਿ ਅਧਿਆਪਕਾਂ ਨੇ ਬੜੀ ਮਿਹਨਤ

ਕਰਕੇ ਇਹ ਪ੍ਰੋਗਰਾਮ ਨਵੀਂ ਪੁਲਾਂਘ ਨੂੰ ਕਰਵਾਇਆ ਹੈ। ਉੱਘੇ ਚਿੰਤਕ ਤੇ ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਅਧਿਆਪਕਾਂ ਅਤੇ ਸਮਾਜ ਦੇ ਲੋਕਾਂ ਵੱਲੋਂ ਰਲ ਕੇ ਕੀਤੇ ਨਿਵੇਕ

ਪਟਿਆਲਾ-ਆਸ/ਪਾਸ

ਚੇਅਰਮੈਨ ਤੇਜਿੰਦਰ ਮਹਿਤਾ ਤੇ ਡੀ.ਸੀ. ਵਰਜੀਤ ਵਾਲੀਆ ਦਰਮਿਆਨ ਰਸਮੀ ਮੁਲਾਕਾਤ

ਪਟਿਆਲਾ, 19 ਫਰਵਰੀ (ਰੁਪਾਣਾ) : ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਤੇਜਿੰਦਰ ਮਹਿਤਾ ਨੇ ਅੱਜ ਪਟਿਆਲਾ ਦੇ ਨਵੇਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨਾਲ ਰਸਮੀ ਮੁਲਾਕਾਤ ਕੀਤੀ। ਇਸ ਮੌਕੇ ਜ਼ਿਲ੍ਹੇ ਦੇ ਸਰਵਪੱਖੀ ਵਿਕਾਸ, ਚੱਲ ਰਹੀਆਂ ਯੋਜਨਾਵਾਂ ਦੀ ਪ੍ਰਗਤੀ ਅਤੇ ਆਉਣ ਵਾਲੇ ਪ੍ਰੋਜੈਕਟਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਮੁਲਾਕਾਤ ਦੌਰਾਨ ਬੁਨਿਆਦੀ ਢਾਂਚੇ ਦੀ ਮਜ਼ਬੂਤੀ, ਸੜਕਾਂ ਦੀ ਮੁਰੰਮਤ, ਪੀਣ ਵਾਲੇ ਪਾਣੀ ਦੀ ਸੁਵਿਧਾ, ਸਿਹਤ ਅਤੇ ਸਿੱਖਿਆ ਖੇਤਰ ਦੇ ਸੁਧਾਰ ਤੋਂ ਇਲਾਵਾ ਵਾਤਾਵਰਨ ਸੁਰੱਖਿਆ 'ਤੇ ਖ਼ਾਸ ਜ਼ੋਰ ਦਿੱਤਾ ਗਿਆ। ਹਰਿਆਲੀ ਵਧਾਉਣ, ਵੱਧ ਤੋਂ ਵੱਧ ਰੁੱਖ ਲਗਾਉਣ ਅਤੇ ਪ੍ਰਦੂਸ਼ਨ ਰੋਕਥਾਮ ਲਈ ਸਾਂਝੇ ਉਪਰਾਲਿਆਂ 'ਤੇ ਵੀ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ, ਹੁਨਰ ਵਿਕਾਸ ਕਾਰਜਕ੍ਰਮਾਂ ਨੂੰ ਮਜ਼ਬੂਤ ਬਣਾਉਣ

ਅਤੇ ਉਦਯੋਗਿਕ ਨਿਵੇਸ਼ ਨੂੰ ਉਤਸ਼ਾਹਿਤ ਕਰਨ ਸੰਬੰਧੀ ਵਿਚਾਰ ਸਾਂਝੇ ਕੀਤੇ ਗਏ। ਚੇਅਰਮੈਨ ਮਹਿਤਾ ਨੇ ਕਿਹਾ ਕਿ ਸਰਕਾਰੀ ਸਕੀਮਾਂ ਦਾ ਪ੍ਰਭਾਵਸ਼ਾਲੀ ਲਾਗੂਕਰਨ ਯਕੀਨੀ ਬਣਾਇਆ ਜਾਵੇ ਤਾਂ ਜੋ ਯੋਜਨਾਵਾਂ ਦਾ ਲਾਭ ਸਮੇਂ ਸਿਰ ਹੱਕਦਾਰਾਂ ਤੱਕ ਪਹੁੰਚ ਸਕੇ। ਡਿਪਟੀ ਕਮਿਸ਼ਨਰ ਵਾਲੀਆ ਨੇ ਭਰੋਸਾ ਦਿਵਾਇਆ ਕਿ ਪ੍ਰਸ਼ਾਸਨ ਵੱਲੋਂ ਸਰਕਾਰੀ ਯੋਜਨਾਵਾਂ ਨੂੰ ਸੁਚੱਜੇ ਢੰਗ ਨਾਲ ਅਮਲ ਵਿੱਚ ਲਿਆਉਣ ਲਈ ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਨਾਲ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਵਿੱਚ ਤੇਜ਼ੀ ਲਿਆਂਦੀ ਜਾਵੇਗੀ ਅਤੇ ਲੋਕ-ਹਿੱਤ ਨੂੰ ਸਭ ਤੋਂ ਉੱਪਰ ਰੱਖਿਆ ਜਾਵੇਗਾ। ਚੇਅਰਮੈਨ ਮਹਿਤਾ ਅਤੇ ਡੀਸੀ ਵਾਲੀਆ ਨੇ ਜ਼ਿਲ੍ਹੇ ਦੀ ਤਰੱਕੀ ਲਈ ਮਿਲਜੁਲ ਕੇ ਕੰਮ ਕਰਨ ਦਾ ਸੰਕਲਪ ਦੋਹਰਾਇਆ ਅਤੇ ਭਵਿੱਖ ਵਿੱਚ ਨਿਰੰਤਰ ਸਮੀਖਿਆ ਬੈਠਕਾਂ ਕਰਕੇ ਪ੍ਰਗਤੀ ਦੀ ਨਿਗਰਾਨੀ ਕਰਨ 'ਤੇ ਸਹਿਮਤੀ ਪ੍ਰਗਟਾਈ। ਇਸ ਮੌਕੇ 'ਤੇ ਸਮਾਜਿਕ ਚਿੰਤਕ ਅਮਨ ਅਰੋੜਾ, ਆਮ ਆਦਮੀ ਪਾਰਟੀ ਦੇ ਬੀਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਮਨਿੰਦਰ ਫਰਾਂਸਵਾਲਾ, ਯੂਥ ਆਗੂ ਮਨਬੀਰ ਸਿੰਘ ਸ਼ੁਤਰਾਣਾ, ਸੁਰਿੰਦਰ ਸਿੰਘ ਨਿੱਕੂ, ਯੁਵਾ ਉੱਦਮੀ ਲਵਪ੍ਰੀਤ ਕਾਹਲੋਂ ਅਤੇ ਸੰਦੀਪ ਵਿਰਕ ਮੌਜੂਦ ਸਨ।

ਪੋਕਸੋ ਐਕਟ ਦੇ ਮਾਮਲੇ 'ਚ 20 ਸਾਲ ਦੀ ਸਜ਼ਾ

ਪਟਿਆਲਾ, 19 ਫਰਵਰੀ (ਵਿਨੋਦ ਸ਼ਰਮਾ) : ਵਧੀਕ ਸੈਸ਼ਨ ਜੱਜ

ਨਵਦੀਪ ਕੌਰ ਗਿੱਲ ਦੀ ਅਦਾਲਤ ਨੇ ਦੋਸ਼ੀ ਕਰਨੈਲ ਸਿੰਘ ਵਾਸੀ ਫਾਜ਼ਿਲਕਾ ਹਾਲ ਵਾਸੀ ਅਨੰਦ ਨਗਰ ਏ ਤ੍ਰਿਪੜੀ ਪਟਿਆਲਾ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਧਾਰਾ 366 ਵਿਚ ਪੰਜ ਸਾਲ ਦੀ ਸਜ਼ਾ, ਧਾਰਾ 363 ਵਿਚ ਚਾਰ ਸਾਲ ਦੀ ਸਜ਼ਾ ਅਤੇ ਛੇ ਪੋਕਸੋ ਐਕਟ ਵਿਚ 20 ਸਾਲ ਦੀ ਸਜ਼ਾ ਅਤੇ ਪੰਜਾਹ ਹਜ਼ਾਰ ਰੁਪਏ ਜੁਰਮਾਨਾ, 506 ਵਿਚ ਦੋ ਸਾਲ ਦੀ ਸਜ਼ਾ ਸੁਣਾਈ ਹੈ। ਪੁਲਿਸ ਕੋਲ ਇੱਕ ਮਹਿਲਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੀ ਵੱਡੀ ਲੜਕੀ ਜੋ ਯੂਕਰੇਨ ਗਈ ਸੀ ਅਤੇ ਉਥੇ ਅਚਾਨਕ ਲੜਾਈ ਲਗ ਜਾਣ ਕਰਕੇ ਉਸ ਦੀ ਛੋਟੀ ਲੜਕੀ ਨੇ ਉਕਤ ਦੋਸ਼ੀ ਕਰਨੈਲ ਸਿੰਘ ਜੋ ਕਿ ਵਰਗਲਾ ਕੇ ਭਜਾ ਕੇ ਲੈ ਗਿਆ ਸੀ ਅਤੇ ਉਸ ਨੇ ਜਦੋਂ ਸੀਸੀਟੀਵੀ ਦੀ ਫੁਟੇਜ਼ ਦੇਖੀ ਤਾਂ ਉਸ ਨੂੰ ਪਤਾ ਲੱਗਾ ਕਿ ਉਕਤ ਵਿਅਕਤੀ ਜੋ ਕਿ ਉਸ ਦੀ ਲੜਕੀ ਨੂੰ ਭਜਾ ਕੇ ਲੈ ਗਿਆ ਹੈ ਅਤੇ ਉਸ ਦੀ ਲੜਕੀ ਨਾਲ ਗਲਤ ਹਰਕਤਾਂ ਕਰਨ ਦਾ ਇਲਜ਼ਾਮ ਵੀ ਲੱਗਿਆ ਸੀ। ਪੁਲਿਸ ਨੇ ਇਸ ਸਬੰਧੀ ਸ਼ਿਕਾਇਤਕਰਤਾ ਦੀ ਸ਼ਿਕਾਇਤ 'ਤੇ ਥਾਣਾ ਤ੍ਰਿਪੜੀ ਵਿਖੇ ਮਾਮਲਾ ਵੱਖ-ਵੱਖ ਧਾਰਾਵਾਂ ਦੇ ਤਹਿਤ ਦਰਜ ਕੀਤਾ ਸੀ।

ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵੱਲੋਂ ਸਿਹਤ ਬੀਮਾ ਯੋਜਨਾ ਦੀ ਸਮੀਖਿਆ

ਪਟਿਆਲਾ, 19 ਫਰਵਰੀ (ਰੁਪਾਣਾ) : ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਰਜਿਸਟ੍ਰੇਸ਼ਨ ਪ੍ਰਕਿਰਿਆ ਦਾ ਜਾਇਜ਼ਾ ਲੈਣ ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਵਾਰਡ ਨੰ. 32, 33 ਅਤੇ 41 ਵਿੱਚ ਪਹੁੰਚੇ। ਅਜੀਤਪਾਲ ਸਿੰਘ ਕੋਹਲੀ ਨੇ ਲਾਭਪਾਤਰੀਆਂ ਨਾਲ ਗੱਲਬਾਤ ਕਰਦੇ ਹੋਏ ਯੋਜਨਾ ਦੇ ਫਾਇਦਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਅਤੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਰਜਿਸਟ੍ਰੇਸ਼ਨ ਕਾਰਜ ਨੂੰ ਤੇਜ਼ ਅਤੇ ਸੁਚਾਰੂ ਢੰਗ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਵੱਡੀ ਰਾਹਤ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਹਰ ਯੋਗ ਪਰਿਵਾਰ ਦਾ ਰਜਿਸਟ੍ਰੇਸ਼ਨ ਕਰਵਾਉਣਾ ਸਰਕਾਰ ਦੀ ਪਹਿਲ ਹੈ ਤਾਂ ਜੋ ਲੋਕਾਂ ਨੂੰ ਇਲਾਜ ਦੌਰਾਨ ਆਰਥਿਕ ਬੋਝ ਦਾ

ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਅਤੇ ਮੁਫ਼ਤ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਕਈ ਕਦਮ ਚੁੱਕੇ ਜਾ ਰਹੇ ਹਨ ਅਤੇ ਇਸ ਯੋਜਨਾ ਰਾਹੀਂ ਹਜ਼ਾਰਾਂ ਪਰਿਵਾਰਾਂ ਨੂੰ ਲਾਭ ਮਿਲੇਗਾ। ਵਿਧਾਇਕ ਨੇ ਸਥਾਨਕ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜਿਹੜੇ ਵੀ ਯੋਗ ਹਨ, ਉਹ ਤੁਰੰਤ ਆਪਣੀ ਰਜਿਸਟ੍ਰੇਸ਼ਨ ਕਰਵਾਉਣ, ਤਾਂ ਜੋ ਸਰਕਾਰ ਦੀ ਇਸ ਲੋਕ-ਭਲਾਈ ਸਕੀਮ ਦਾ ਪੂਰਾ ਲਾਭ ਲਿਆ ਜਾ ਸਕੇ। ਇਸ ਮੌਕੇ ਵਾਰਡ ਨੰਬਰ 32 ਤੋਂ ਐਮ.ਸੀ. ਰਣਜੀਤ ਸਿੰਘ, ਵਾਰਡ ਨੰਬਰ 33 ਤੋਂ ਗੀਤਾ ਰਾਣੀ ਅਤੇ ਵਾਰਡ ਨੰਬਰ 41 ਤੋਂ ਅਮਨਪ੍ਰੀਤ ਕੌਰ ਵੀ ਮੌਜੂਦ ਸਨ। ਉਨ੍ਹਾਂ ਨੇ ਵਿਧਾਇਕ ਨੂੰ ਵਿਸ਼ਵਾਸ ਦਵਾਇਆ ਕਿ ਵਾਰਡ ਪੱਧਰ 'ਤੇ ਵੱਧ ਤੋਂ ਵੱਧ ਲੋਕਾਂ ਨੂੰ ਯੋਜਨਾ ਨਾਲ ਜੋੜਨ ਲਈ ਜਾਗਰੂਕਤਾ ਮੁਹਿੰਮ ਜਾਰੀ ਰਹੇਗੀ।

ਪੀ.ਆਰ.ਟੀ.ਸੀ. ਦੇ ਕਰਮਚਾਰੀ ਦਲ ਦੇ ਅਹੁੱਦੇਦਾਰਾਂ ਵੱਲੋਂ ਚੇਅਰਮੈਨ ਹਰਪਾਲ ਜੁਨੇਜਾ ਨਾਲ ਮੁਲਾਕਾਤ

ਪਟਿਆਲਾ, 19 ਫਰਵਰੀ (ਚ.ਨ.ਸ.) : ਪੀ.ਆਰ.ਟੀ.ਸੀ. ਦੇ ਕਰਮਚਾਰੀ ਦਲ ਦੇ ਅਹੁੱਦੇਦਾਰਾਂ ਨੇ ਪੀ.ਆਰ.ਟੀ.ਸੀ. ਦੇ ਨਵ-ਨਿਯੁਕਤ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੂੰ ਜੀ ਆਇਆਂ ਆਖਦਿਆਂ ਪੀ.ਆਰ.ਟੀ.ਸੀ. ਦੇ ਮੁੱਖ ਦਫ਼ਤਰ ਪਟਿਆਲਾ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਕਰਮਚਾਰੀ ਦੱਲ ਦੇ ਅਹੁੱਦੇਦਾਰਾਂ ਨੇ ਮੀਟਿੰਗ ਮੌਕੇ ਕੰਟਰੈਕਟ @ਤੇ ਕੰਮ ਕਰ ਰਹੇ ਕਾਮਿਆਂ ਨੂੰ ਮਾਨਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਜਲਦ ਪੱਕਾ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਮੰਗ ਕੀਤੀ। ਇਸ ਦੇ ਨਾਲ ਹੀ ਰਿੱਟ ਪਟੀਸ਼ਨ ਨੰਬਰ 8240 ਰਾਹੀਂ ਪੱਕੇ ਹੋਏ ਕਰਮਚਾਰੀਆਂ ਦੀ ਅਦਾਲਤੀ ਹੁਕਮਾਂ ਅਨੁਸਾਰ ਪੈਨਸ਼ਨ ਲਾਗੂ ਕਰਨ ਬਾਰੇ ਗੱਲਬਾਤ ਵੀ ਹੋਈ। ਕਰਮਚਾਰੀਆਂ ਦੀਆਂ ਲੰਬਿਤ ਵਿਭਾਗੀ ਤਰੱਕੀਆਂ ਨੂੰ ਤੁਰੰਤ ਅਮਲ ਵਿੱਚ ਲਿਆਉਣ ਲਈ ਵੀ ਗੱਲਬਾਤ ਕੀਤੀ, ਵਿਭਾਗ ਦੇ ਬੇੜੇ ਵਿੱਚ ਨਵੀਆਂ ਬੱਸਾਂ ਪਾਉਣ ਦੀ ਪ੍ਰੀਕ੍ਰਿਆ ਵਿੱਚ ਤੇਜ਼ੀ ਲਿਆਉਣ ਦੀ ਮੰਗ ਕੀਤੀ ਗਈ ਤਾਂ ਜੋ ਪੀਆਰਟੀਸੀ ਦੀ ਆਮਦਨ ਵਿੱਚ ਵਾਧਾ ਹੋ ਸਕੇ ਅਤੇ ਆਮ ਪਬਲਿਕ ਨੂੰ ਹੋਰ ਵੀ ਬਿਹਤਰ ਸਫਰ ਸਹੂਲਤ ਮਹੁੱਈਆ ਕਰਵਾਈ ਜਾ ਸਕੇ। ਵਰਕਰਾਂ ਨੂੰ ਤਨਖਾਹ ਤੇ ਪੈਨਸ਼ਨ ਦੀ ਅਦਾਇਗੀ ਸਮੇਂ ਸਿਰ ਕਰਨ ਲਈ ਵੀ ਕਿਹਾ ਗਿਆ। ਯੂਨੀਅਨ ਦੇ ਆਗੂਆਂ ਨੇ ਚੇਅਰਮੈਨ ਹਰਪਾਲ ਜੁਨੇਜਾ ਨੂੰ ਵਿਸ਼ਵਾਸ ਦਿਵਾਇਆ ਕਿ ਪੀ.ਆਰ.ਟੀ.ਸੀ. ਦੀ ਬਿਹਤਰੀ ਅਤੇ ਇਸ ਨੂੰ ਚੜ੍ਹਦੀ ਕਲਾ ਵਿੱਚ ਲਿਜਾਣ ਲਈ ਉਹ ਮੈਨੇਜਮੈਂਟ ਨੂੰ ਹਰ ਤਰ੍ਹਾਂ ਦਾ ਪੂਰਨ ਸਹਿਯੋਗ ਦੇਣਗੇ। ਚੇਅਰਮੈਨ ਹਰਪਾਲ ਜੁਨੇਜਾ ਨੇ ਯੂਨੀਅਨ ਦੇ ਆਗੂਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੀਆਰਟੀਸੀ ਦੀ ਬਿਹਤਰੀ ਲਈ ਸਾਰਿਆ ਨੂੰ ਨਾਲ ਲੈਕੇ ਚਲਣਗੇ ਤੇ ਉਨ੍ਹਾਂ ਦੀਆਂ ਮੰਗਾ ਦੇ ਨਿਪਟਾਰੇ ਸਬੰਧੀ ਜਲਦ ਤੋਂ ਜਲਦ ਹੱਲ ਕੀਤੇ ਜਾਣਗੇ। ਇਸ ਮੌਕੇ ਪੀਆਰਟੀਸੀ ਦੇ ਜੀ.ਐਮ. ਪਟਿਆਲਾ ਕਾਰਜਕਾਰੀ ਇੰਜੀਨੀਅਰ ਜਤਿੰਦਰਪਾਲ ਸਿੰਘ ਗਰੇਵਾਲ, ਜੀ.ਐਮ. ਪ੍ਰਸ਼ਾਸਨ ਮਨਿੰਦਰਪਾਲ ਸਿੰਘ ਸਿੱਧੂ ਤੋਂ ਇਲਾਵਾ ਪੀਆਰਟੀਸੀ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਦਲ ਦੇ ਪ੍ਰਧਾਨ ਹਰਪ੍ਰੀਤ ਸਿੰਘ ਖੱਟੜਾ, ਜਨਰਲ ਸਕੱਤਰ ਬਿਕਰਮਜੀਤ ਸ਼ਰਮਾ, ਅਮਨਦੀਪ ਸਿੰਘ ਟਿਵਾਣਾ, ਗੁਰਜਿੰਦਰ ਸਿੰਘ, ਅਮਨਦੀਪ ਸਿੰਘ, ਮੱਖਣ ਸਿੰਘ ਅਤੇ ਹੋਰ ਸੀਨੀਅਰ ਆਗੂ ਮੌਜੂਦ ਸਨ।

ਨਗਰ ਨਿਗਮ ਤੇ ਪਟਿਆਲਾ ਫਾਊਂਡੇਸ਼ਨ ਵੱਲੋਂ ਬਾਰਾਂਦਰੀ ਬਾਗ 'ਚ ਨੇਚਰ ਵਾਕ

➤ਪ੍ਰਕਿਰਤੀ ਦੀ ਸੰਭਾਲ ਸਾਂਝੀ ਜ਼ਿੰਮੇਵਾਰੀ : ਡੀ.ਸੀ. ਵਰਜੀਤ ਵਾਲੀਆ

ਪਟਿਆਲਾ, 19 ਫਰਵਰੀ (ਚ.ਨ.ਸ.) : ਨਗਰ ਨਿਗਮ ਅਤੇ ਪਟਿਆਲਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਹੈਰੀਟੇਜ਼ ਫੈਸਟੀਵਲ ਤਹਿਤ ਬਾਰਾਂਦਰੀ ਬਾਗ ਵਿਖੇ ਨੇਚਰ/ਇਨਵਾਇਰਨਮੈਂਟ ਵਾਕ ਦਾ ਸਫਲ ਆਯੋਜਨ ਕੀਤਾ ਗਿਆ, ਜਿਸ ਦੀ ਸ਼ੁਰੂਆਤ ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਵਾਲੀਆ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਅਤੇ ਡਿਪਟੀ ਮੇਅਰ ਜਗਦੀਪ ਜੱਗਾ ਵੱਲੋਂ ਕਾਰਵਾਈ ਗਈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਨੇਚਰ ਵਾਕ ਦਾ ਉਦੇਸ਼ ਸ਼ਹਿਰ ਦੀ ਵਿਰਾਸਤੀ ਅਤੇ ਪਰਿਆਵਰਣਕ ਧਰੋਹਰ ਪ੍ਰਤੀ ਜਾਗਰੂਕਤਾ ਫੈਲਾਉਣਾ ਅਤੇ ਨਾਗਰਿਕਾਂ ਨੂੰ ਹਰੇ-ਭਰੇ ਖੇਤਰਾਂ ਦੀ ਸੰਭਾਲ ਲਈ ਪ੍ਰੇਰਿਤ ਕਰਨਾ ਸੀ। ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਵਰਜੀਤ ਵਾਲੀਆ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪ੍ਰਕਿਰਤੀ ਦੀ ਸੰਭਾਲ ਸਾਂਝੀ ਸਮੂਹਿਕ ਜ਼ਿੰਮੇਵਾਰੀ ਬਣਨੀ ਚਾਹੀਦੀ ਹੈ। ਪਟਿਆਲਾ ਫਾਊਂਡੇਸ਼ਨ

ਦੇ ਫਾਊਂਡਰ ਅਤੇ ਸੀ ਈ ਓ ਸ਼੍ਰੀ ਰਵੀ ਸਿੰਘ ਆਹਲੂਵਾਲੀਆ ਨੇ ਕਿਹਾ ਬਾਰਾਂਦਰੀ ਗਾਰਡਨ ਸਿਰਫ਼ ਇੱਕ ਵਿਰਾਸਤੀ ਸਥਾਨ ਨਹੀਂ ਇਹ ਇੱਕ ਜੀਵੰਤ ਪਰਿਆਵਰਣਕ ਤੰਤਰ ਹੈ, ਜੋ ਸਾਨੂੰ ਯਾਦ ਦਿਵਾਉਂਦਾ ਹੈ ਕਿ ਪ੍ਰਕਿਰਤੀ ਅਤੇ ਇਤਿਹਾਸ ਕਿੰਨੇ ਗਹਿਰੇ ਤੌਰ 'ਤੇ ਜੁੜੇ ਹੋਏ ਹਨ। ਇਸ ਨੇਚਰ ਵਾਕ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿਵਲ ਲਾਈਨਜ਼, ਮਾਡਲ ਟਾਊਨ ਅਤੇ ਮਲਟੀਪਰਪਜ਼ ਸਕੂਲ ਦੇ ਨਾਲ-ਨਾਲ ਸਰਕਾਰੀ ਮੋਹਿੰਦਰਾ ਕਾਲਜ ਅਤੇ ਸਰਕਾਰੀ ਕਾਲਜ ਫਾਰ ਗਰਲਜ਼, ਪਟਿਆਲਾ ਦੇ ਵਿਦਿਆਰਥੀ ਆਪਣੇ ਨੌਡਲ ਅਧਿਆਪਕਾਂ ਅਤੇ ਫੈਕਲਟੀ ਕੋਆਰਡੀਨੇਟਰਾਂ ਸਮੇਤ ਸ਼ਾਮਲ ਹੋਏ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸਿਮਰਪ੍ਰੀਤ ਕੌਰ, ਸਹਾਇਕ ਕਮਿਸ਼ਨਰ ਨਗਰ ਨਿਗਮ ਕਮ ਨੌਡਲ ਅਫ਼ਸਰ ਦੀਪਜੋਤ ਕੌਰ , ਮੁੱਖ ਮੰਤਰੀ ਫੀਲਡ ਅਫ਼ਸਰ ਸਤੀਸ਼ ਚੰਦਰ, ਪਟਿਆਲਾ ਫਾਊਂਡੇਸ਼ਨ ਦੀ ਟੀਮ ਡਾ. ਅਭਿਨੰਦਨ ਬੱਸੀ, ਨਿਸ਼ੂ ਗੁਪਤਾ (ਕੋਆਰਡੀਨੇਟਰ), ਐਸ.ਪੀ. ਚੰਦ, ਪਵਨ ਗੋਇਲ, ਰਾਹੁਲ ਸ਼ਰਮਾ, ਡਾ. ਜਸਪ੍ਰੀਤ ਵਾਲੀਆ, ਰਵਲਦੀਪ ਸਿੰਘ ਅਤੇ ਸੇਵਾਦਾਰਾਂ ਸਤਨਾਮ ਸਿੰਘ, ਸੰਯਮ, ਆਦਿਤਿਆ, ਤਾਰਿਕਾ, ਕ੍ਰਿਤਿਕਾ, ਕਵਲਪ੍ਰੀਤ, ਮੋਹਿਤ, ਕ੍ਰਿਸ਼ਨ ਕਾਂਤ, ਨਿਦਾਸ਼ ਈਵ ਧਰੀਵਾਲ, ਸਾਨਿਆ ਸ੍ਰੀਵਾਸਤਵ, ਅਜੈ ਕੁਮਾਰ, ਪ੍ਰੀਸ਼ਾ ਸੂਰੀ, ਤਨੀਸ਼ਕ ਗਰਗ, ਵੇਦਾਂਸ਼ ਸ੍ਰੀਵਾਸਤਵ, ਗੁਰਨੂਰ ਕੌਰ , ਪੰਕਜ (ਮੋਦੀ ਕਾਲਜ), ਅਰਸ਼ਦੀਪ ਸਿੰਘ, ਸੁਖਪ੍ਰੀਤ ਸਿੰਘ, ਕਰਮਬੀਰ ਸਿੰਘ, ਸਰਵੇਸ਼, ਕ੍ਰਿਸ਼ਨ ਕੁਮਾਰ, ਧਰੁਵ, ਨਮਨ, ਲਕਸ਼, ਇਸ਼ਾਨ, ਸੁਖਮਨਪ੍ਰੀਤ, ਮਨਜੋਤ, ਦਿਖਸ਼ਾਂਤ, ਪੂਰਨਿਮਾ, ਸੰਜਨਾ (ਮੋਦੀ ਕਾਲਜ) ਆਦਿ ਮੌਜੂਦ ਸਨ।

ਸਾਬਕਾ ਨਗਰ ਕੌਂਸਲ ਪ੍ਰਧਾਨ ਸ਼ਮਸ਼ੇਰ ਸਿੰਘ ਸ਼ੀਰਾ ਸਾਥੀਆਂ ਸਮੇਤ 'ਅਕਾਲੀ ਦਲ ਵਾਰਿਸ ਪੰਜਾਬ' 'ਚ ਸ਼ਾਮਲ

ਦੇਵੀਗੜ੍ਹ, 19 ਫਰਵਰੀ (ਗੁਰਜੀਤ ਸਿੰਘ ਢੋਟ) : ਹਲਕਾ ਸਨੌਰ ਦੀ ਸਿਆਸਤ ਵਿੱਚ ਉਸ ਸਮੇਂ ਵੱਡਾ ਮੋੜ ਆਇਆ, ਜਦੋਂ ਨਗਰ ਕੌਂਸਲ ਸਨੌਰ ਦੇ ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਸ਼ੀਰਾ ਨੇ ਸੀਨੀਅਰ ਆਗੂ ਅਤੇ ਬਲਾਕ ਸਨੌਰ ਦੇ ਇੰਚਾਰਜ ਭੁਪਿੰਦਰ ਸਿੰਘ ਮਸੀਗਣ ਦੀ ਅਗਵਾਈ ਹੇਠ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ (ਵਾਰਿਸ ਪੰਜਾਬ) ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ, ਜਿਨ੍ਹਾਂ ਦੇ ਨਾਲ ਜਥੇਦਾਰ ਹਰਪਾਲ ਸਿੰਘ , ਅਮਨਦੀਪ ਸਿੰਘ ਖਾਲਸਾ, ਬਾਬੂ ਸਿੰਘ ਚੌਹਾਨ ਸਨੌਰ,ਚਰਨਜੀਤ ਸਿੰਘ ਸਨੌਰ, ਮਨਪ੍ਰੀਤ ਸਿੰਘ ਸਨੌਰ ਅਤੇ ਜੋਗਿੰਦਰ ਸਿੰਘ ਸਨੌਰ ਵੀ ਸ਼ਾਮਲ ਹੋਏ। ਇਸ ਘਟਨਾਕ੍ਰਮ ਨੂੰ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਨੌਰ ਖੇਤਰ ਵਿੱਚ ਪਾਰਟੀ ਲਈ ਇੱਕ ਵੱਡੀ ਸਫਲਤਾ ਵਜੋ ਦੇਖਿਆ ਜਾ ਰਿਹਾ ਹੈ। ਨਵੇਂ ਸ਼ਾਮਲ ਹੋਏ ਆਗੂਆਂ ਦਾ ਸਵਾਗਤ ਕਰਨ ਲਈ ਇੱਕ ਵਿਸ਼ੇਸ਼ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ। ਪਾਰਟੀ ਦੇ ਸੀਨੀਅਰ ਆਗੂ ਬਾਪੂ ਤਰਸੇਮ ਸਿੰਘ ਨ